ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

www.awazeqaumtv.com

Also On

Visit on facebook

https://www.facebook.com/awazeqaumtv/videos/1948995821245311/

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

https://youtu.be/LQwolgxDu7I

International Daily Newspaper & WEB TV

awazeqaumtvpunjab@gmail.com

ਵੀਰਵਾਰ, 9 ਅਕਤੂਬਰ 2025 (ਨਾਨਕਸ਼ਾਹੀ ਸੰਮਤ : ੫੫੭, ੨੪ ਅੱਸੂ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243

### ਸਾਂਬਾ ਜ਼ਿਲ੍ਹੇ ਦੇ ਪਿੰਡ ਕੌਲਪੁਰ ਦੇ ਗੁਰਦੁਆਰਾ ਸਾਹਿਬ ’ਚ ਹੋਈ ਬੇਅਦਬੀ


# ਇੱਕ ਵਿਅਕਤੀ ਨੇ 5 ਪਾਵਨ ਸਰੂਪ ਕੀਤੇ ਅਗਨ ਭੇਟ

**ਸਾਂਬਾ (ਜੰਮੂ-ਕਸ਼ਮੀਰ), 8 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਜੰਮੂ-ਕਸ਼ਮੀਰ ਦੇ ਸਾਂਬਾ ਜ਼ਿਲ੍ਹੇ ਦੇ ਰਾਮਗੜ੍ਹ ਥਾਣਾ ਖੇਤਰ ਅਧੀਨ ਪੈਂਦੇ ਪਿੰਡ ਕੌਲਪੁਰ ਵਿੱਚ ਇੱਕ ਵਿਅਕਤੀ ਨੇ ਗੁਰਦੁਆਰਾ ਸਾਹਿਬ ਵਿੱਚ ਦਾਖਲ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੀਤੀ ਹੈ। ਉਕਤ ਵਿਅਕਤੀ ਨੇ ਗੁਰਦੁਆਰਾ ਸਿੰਘ ਸਭਾ ਵਿੱਚ ਅੱਜ ਸਵੇਰੇ 1:30 ਵਜੇ ਦੇ ਕਰੀਬ ਪੰਜ ਸਰੂਪ ਅਗਨ ਭੇਟ ਕਰ ਦਿੱਤੇ ਹਨ। ਇਸ ਘਟਨਾ ਕਾਰਨ ਸਿੱਖ ਭਾਈਚਾਰੇ ’ਚ ਕਾਫ਼ੀ ਗੁੱਸਾ ਦੇਖਿਆ ਜਾ ਰਿਹਾ ਹੈ। ਜਾਣਕਾਰੀ ਅਨੁਸਾਰ ਜੰਮੂ ਦੇ ਸਾਂਬਾ ਜ਼ਿਲ੍ਹੇ ਦੇ ਕੋਲਪੁਰ ਪਿੰਡ ਦੇ ਰਹਿਣ ਵਾਲੇ ਮਨਜੀਤ ਸਿੰਘ ਨੇ ਦੇਰ ਰਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਜ ਪਾਵਨ ਸਰੂਪਾਂ ਨੂੰ ਤੇਲ ਪਾ ਕੇ ਅਗਨ ਭੇਟ ਕਰ ਦਿੱਤਾ। ਇਹ ਅਪਰਾਧ ਕਰ ਕੇ ਮੁਲਜ਼ਮ ਫਰਾਰ ਹੋ ਗਿਆ ਤੇ ਉਸ ਨੂੰ ਬਾਅਦ ’ਚ ਨਗਰੋਟਾ ਨੇੜਿਓਂ ਪੁਲਿਸ ਨੇ ਕਾਬੂ ਕਰ ਲਿਆ। ਮਾਮਲਾ ਵਿਜੇਨਗਰ ਪੁਲਿਸ ਥਾਣੇ ਦੇ ਖੇਤਰ ਨਾਲ ਸਬੰਧਤ ਹੈ। ਸਥਾਨਕ ਨਿਵਾਸੀਆਂ ਨੇ ਤੁਰੰਤ ਫਾਇਰ ਵਿਭਾਗ ਨੂੰ ਸੂਚਿਤ ਕੀਤਾ ਅਤੇ ਫਾਇਰ ਟੈਂਡਰ ਮੌਕੇ ’ਤੇ ਪਹੁੰਚੇ ਅਤੇ ਅੱਗ ਬੁਝਾਈ। ਇਸ ਘਟਨਾ ਨਾਲ ਇਲਾਕੇ ਵਿੱਚ ਤਣਾਅ ਪੈਦਾ ਹੋ ਗਿਆ ਹੈ। ਕੁਝ ਸਥਾਨਕ ਨਿਵਾਸੀਆਂ ਦਾ ਆਰੋਪ ਹੈ ਕਿ ਗੁਰਮੁਖ ਸਿੰਘ ਉਰਫ਼ ਬਿੱਲਾ ਦੇ ਪੁੱਤਰ ਮਨਜੀਤ ਸਿੰਘ ਨੇ ਗੁਰਦੁਆਰੇ ਵਿੱਚ ਰੱਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਜਾਣਬੁੱਝ ਕੇ ਅੱਗ ਲਗਾਈ। ਇਸ ਘਟਨਾ ਤੋਂ ਗੁੱਸੇ ਵਿੱਚ ਆ ਕੇ ਲੋਕਾਂ ਨੇ ਮਨਜੀਤ ਸਿੰਘ ਦੇ ਘਰ ’ਤੇ ਹਮਲਾ ਕੀਤਾ, ਭੰਨਤੋੜ ਕੀਤੀ ਅਤੇ ਉਸਦੀ ਕਾਰ ਨੂੰ ਨੁਕਸਾਨ ਪਹੁੰਚਾਇਆ। ਇਸ ਘਟਨਾ ਦਾ ਵਿਰੋਧ ਕਰਨ ਲਈ ਵੱਡੀ ਗਿਣਤੀ ਵਿੱਚ ਸਿੱਖ ਭਾਈਚਾਰੇ ਦੇ ਮੈਂਬਰ ਸੜਕਾਂ ’ਤੇ ਉਤਰ ਆਏ ਹਨ। ਪ੍ਰਸ਼ਾਸਨ ਤੋਂ ਸਖ਼ਤ ਕਾਰਵਾਈ ਦੀ ਮੰਗ ਕੀਤੀ ਜਾ ਰਹੀ ਹੈ। ਇਸ ਦੌਰਾਨ ਪੁਲਿਸ ਨੇ ਮੁਲਜ਼ਮਾਂ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਰਾਮਗੜ੍ਹ ਥਾਣਾ ਖੇਤਰ ਦੇ ਕੌਲਪੁਰ ਪਿੰਡ ਵਿੱਚ ਗੁਰਦੁਆਰਾ ਸਿੰਘ ਸਭਾ ਵਿੱਚ ਅੱਗ ਲੱਗਣ ਦੇ ਮਾਮਲੇ ਵਿੱਚ ਵੱਡੀ ਕਾਰਵਾਈ ਕੀਤੀ ਗਈ ਹੈ। ਪੁਲਿਸ ਨੇ ਆਰੋਪੀ ਗੁਰਮੁਖ ਸਿੰਘ ਉਰਫ਼ ਬਿੱਲਾ ਦੇ ਪੁੱਤਰ ਮਨਜੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਘਟਨਾ ਤੋਂ ਬਾਅਦ ਇਲਾਕੇ ਵਿੱਚ ਫੈਲੇ ਤਣਾਅ ਦੇ ਵਿਚਕਾਰ ਪੁਲਿਸ ਨੇ ਤੇਜ਼ੀ ਨਾਲ ਕਾਰਵਾਈ ਕਰਦਿਆਂ ਦੋਸ਼ੀ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਪ੍ਰਸ਼ਾਸਨ ਨੇ ਜਨਤਾ ਨੂੰ ਸ਼ਾਂਤੀ ਬਣਾਈ ਰੱਖਣ ਅਤੇ ਕਾਨੂੰਨ ’ਤੇ ਭਰੋਸਾ ਰੱਖਣ ਦੀ ਅਪੀਲ ਕੀਤੀ ਹੈ।




## ਪੰਜਾਬ ਦਾ 24ਵਾਂ ਜ਼ਿਲ੍ਹਾ ਬਣ ਸਕਦਾ ਹੈ ਸ੍ਰੀ ਆਨੰਦਪੁਰ ਸਾਹਿਬ, ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਵਸ ’ਤੇ ਹੋ ਸਕਦਾ ਹੈ ਐਲਾਨ

**ਸ੍ਰੀ ਆਨੰਦਪੁਰ ਸਾਹਿਬ, 8 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 350ਵੇਂ ਸ਼ਹੀਦੀ ਦਿਵਸ ’ਤੇ, ਪੰਜਾਬ ਸਰਕਾਰ ਸ੍ਰੀ ਅਨੰਦਪੁਰ ਸਾਹਿਬ ਨੂੰ ਇੱਕ ਜ਼ਿਲ੍ਹਾ ਬਣਾਉਣ ਦਾ ਐਲਾਨ ਕਰ ਸਕਦੀ ਹੈ। ਇਹ ਰਾਜ ਦਾ 24ਵਾਂ ਜ਼ਿਲ੍ਹਾ ਹੋਵੇਗਾ। ਸੂਤਰਾਂ ਮੁਤਾਬਿਕ ਰਾਜ ਸਰਕਾਰ ਨੇ ਸਬੰਧਤ ਵਿਭਾਗਾਂ ਨੂੰ ਇਹ ਪਛਾਣ ਕਰਨ ਲਈ ਕਿਹਾ ਹੈ ਕਿ ਇਸ ਜ਼ਿਲ੍ਹੇ ਵਿੱਚ ਆਲੇ-ਦੁਆਲੇ ਦੇ ਕਿਹੜੇ ਖੇਤਰ ਸ਼ਾਮਲ ਕੀਤੇ ਜਾ ਸਕਦੇ ਹਨ। ਰਾਜ ਸਰਕਾਰ 350ਵੇਂ ਸ਼ਹੀਦੀ ਦਿਵਸ ਨੂੰ ਵੱਡੇ ਪੱਧਰ ’ਤੇ ਮਨਾਉਣ ਦੀ ਤਿਆਰੀ ਕਰ ਰਹੀ ਹੈ। ਇਸ ਮਕਸਦ ਲਈ ਕਈ ਪ੍ਰੋਗਰਾਮਾਂ ਦੀ ਯੋਜਨਾ ਬਣਾਈ ਗਈ ਹੈ। ਪਹਿਲੀ ਵਾਰ, ਪੰਜਾਬ ਵਿਧਾਨ ਸਭਾ ਦਾ ਇੱਕ ਵਿਸ਼ੇਸ਼ ਸੈਸ਼ਨ ਵੀ ਸ੍ਰੀ ਅਨੰਦਪੁਰ ਸਾਹਿਬ ਵਿੱਚ ਵਿਧਾਨ ਸਭਾ ਕੰਪਲੈਕਸ ਦੇ ਬਾਹਰ ਆਯੋਜਿਤ ਕੀਤਾ ਜਾ ਰਿਹਾ ਹੈ। ਸ੍ਰੀ ਆਨੰਦਪੁਰ ਸਾਹਿਬ ਇਸ ਵੇਲੇ ਰੋਪੜ ਜ਼ਿਲ੍ਹੇ ਦਾ ਹਿੱਸਾ ਹੈ, ਜਿਸ ਵਿੱਚ ਤਿੰਨ ਵਿਧਾਨ ਸਭਾ ਹਲਕੇ ਸ਼ਾਮਲ ਹਨ: ਰੋਪੜ, ਸ੍ਰੀ ਆਨੰਦਪੁਰ ਸਾਹਿਬ ਅਤੇ ਸ੍ਰੀ ਚਮਕੌਰ ਸਾਹਿਬ। ਸ੍ਰੀ ਆਨੰਦਪੁਰ ਸਾਹਿਬ ਦੇ ਗੁਆਂਢੀ ਜ਼ਿਲ੍ਹੇ ਹੁਸ਼ਿਆਰਪੁਰ ਵਿੱਚ ਛੇ ਸੀਟਾਂ ਹਨ। ਚਰਚਾ ਹੈ ਕਿ ਇਸ ਜ਼ਿਲ੍ਹੇ ਦੀਆਂ ਇੱਕ ਜਾਂ ਦੋ ਸੀਟਾਂ ਸ੍ਰੀ ਆਨੰਦਪੁਰ ਸਾਹਿਬ ਤੋਂ ਖੋਹੀਆਂ ਜਾ ਸਕਦੀਆਂ ਹਨ। ਸੂਤਰਾਂ ਦਾ ਕਹਿਣਾ ਹੈ ਕਿ ਇੱਕ ਨਵਾਂ ਜ਼ਿਲ੍ਹਾ ਬਣਾਉਣ ’ਤੇ ਨਵੇਂ ਬੁਨਿਆਦੀ ਢਾਂਚੇ ’ਤੇ ?560 ਕਰੋੜ (ਲਗਭਗ £5.6 ਬਿਲੀਅਨ) ਦੀ ਲਾਗਤ ਆਉਂਦੀ ਹੈ। ਇਸ ਖਰਚੇ ਵਿੱਚ ਸਾਰੇ ਜ਼ਿਲ੍ਹਾ-ਪੱਧਰੀ ਅਧਿਕਾਰੀਆਂ ਲਈ ਦਫ਼ਤਰ, ਰਿਹਾਇਸ਼ਾਂ ਅਤੇ ਹੋਰ ਸਹੂਲਤਾਂ ਦਾ ਨਿਰਮਾਣ ਸ਼ਾਮਲ ਹੈ। ਇਸ ਤੋਂ ਇਲਾਵਾ, ਨਵੀਆਂ ਜ਼ਿਲ੍ਹਾ ਅਦਾਲਤਾਂ, ਉਨ੍ਹਾਂ ਵਿੱਚ ਕੰਮ ਕਰਨ ਵਾਲੇ ਜੱਜਾਂ ਲਈ ਰਿਹਾਇਸ਼ ਆਦਿ ਦੇ ਖਰਚੇ ਹਨ। ਵਾਧੂ ਅਧਿਕਾਰੀਆਂ, ਸਟਾਫ਼, ਜੱਜਾਂ ਆਦਿ ਦੀਆਂ ਤਨਖਾਹਾਂ ’ਤੇ ?18 ਕਰੋੜ ਖਰਚ ਕੀਤੇ ਜਾਂਦੇ ਹਨ। ਅਜਿਹੇ ਹਾਲਾਤ ਵਿੱਚ, ਪਹਿਲਾਂ ਹੀ ਗੰਭੀਰ ਵਿੱਤੀ ਸੰਕਟ ਨਾਲ ਜੂਝ ਰਹੀ ਪੰਜਾਬ ਸਰਕਾਰ ਲਈ ਇੰਨੇ ਵੱਡੇ ਵਾਧੂ ਖਰਚੇ ਨੂੰ ਸਹਿਣਾ ਮੁਸ਼ਕਲ ਹੋ ਜਾਵੇਗਾ। ਪਿਛਲੀ ਕਾਂਗਰਸ ਸਰਕਾਰ ਦੌਰਾਨ ਮਲੇਰਕੋਟਲਾ ਨੂੰ ਪੰਜਾਬ ਦਾ 23ਵਾਂ ਜ਼ਿਲ੍ਹਾ ਬਣਾਇਆ ਗਿਆ ਸੀ ਅਤੇ ਦੋ ਵਿਧਾਨ ਸਭਾ ਸੀਟਾਂ, ਮਲੇਰਕੋਟਲਾ ਅਤੇ ਅਮਰਗੜ੍ਹ, ਇਸ ਵਿੱਚ ਸ਼ਾਮਲ ਕੀਤੀਆਂ ਗਈਆਂ।



ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਦੇ ਅੱਜ ਸ਼ਹੀਦੀ ਦਿਨ ’ਤੇ ਵਿਸ਼ੇਸ਼

ਪੰਨਾ 15 ’ਤੇ

### 9 ਅਕਤੂਬਰ ਨੂੰ ਜੱਦੀ ਪਿੰਡ ਹੋਵੇਗਾ ਅੰਤਿਮ ਸਸਕਾਰ

# ਨਹੀਂ ਰਹੇ ਪੰਜਾਬੀ ਗਾਇਕ ਰਾਜਵੀਰ ਜਵੰਦਾ

**ਮੋਹਾਲੀ, 8 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬੀ ਗਾਇਕ ਰਾਜਵੀਰ ਜਵੰਦਾ (35) ਦੀ ਮ੍ਰਿਤਕ ਦੇਹ ਉਨ੍ਹਾਂ ਦੇ ਜੱਦੀ ਪਿੰਡ ਪੋਨਾ ਪਹੁੰਚ ਗਈ ਹੈ। ਜਵੰਦਾ ਦੀ ਮ੍ਰਿਤਕ ਦੇਹ ਜੱਦੀ ਘਰ ’ਚ ਰੱਖੀ ਗਈ ਹੈ। ਰਾਜਵੀਰ ਜਵੰਦਾ ਦਾ ਵੀਰਵਾਰ ਨੂੰ ਸਵੇਰੇ 11 ਵਜੇ ਪਿੰਡ ਪੋਨਾ ’ਚ ਅੰਤਿਮ ਸਸਕਾਰ ਕੀਤਾ ਜਾਵੇਗਾ। ਰਾਜਵੀਰ ਜਵੰਦਾ (35) ਦਾ ਅੱਜ ਸਵੇਰੇ ਮੋਹਾਲੀ ਦੇ ਫੋਰਟਿਸ ਹਸਪਤਾਲ ’ਚ ਦੇਹਾਂਤ ਹੋਇਆ ਸੀ। ਪ੍ਰਸਿੱਧ ਗਾਇਕ ਰਾਜਵੀਰ ਸਿੰਘ ਜਵੰਦਾ ਦੇ ਦਿਹਾਂਤ ਉੱਪਰ ਪ੍ਰੋ. ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ, ਜਿਹੜੇ ਬੀਤੇ ਦਿਨ ਹੀ ਇੱਕ ਸੜਕ ਹਾਦਸੇ ਦੌਰਾਨ ਜਖਮੀ ਹੋਣ ਤੋਂ ਬਾਅਦ ਮੁਹਾਲੀ ਦੇ ਫੋਰਟਿਸ ਹਸਪਤਾਲ ਵਿੱਚ ਜੇਰੇ ਇਲਾਜ ਸਨ। ਇੱਥੇ ਜਾਰੀ ਇਕ ਬਿਆਨ ਵਿੱਚ ਪੀੜਿਤ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ, ਫਾਊਂਡੇਸ਼ਨ ਦੇ ਪ੍ਰਧਾਨ ਰਾਜੀਵ ਕੁਮਾਰ ਲਵਲੀ, ਚੇਅਰਮੈਨ ਗੁਰਨਾਮ ਸਿੰਘ ਧਾਲੀਵਾਲ, ਪਰਗਟ ਸਿੰਘ ਗਰੇਵਾਲ, ਪ੍ਰਿਥੀਪਾਲ ਸਿੰਘ ਬਟਾਲਾ ਚੇਅਰਮੈਂਨ ਮੇਲਾ ਕਮੇਟੀ, ਕ੍ਰਿਸ਼ਨ ਕੁਮਾਰ ਬਾਵਾ, ਜਸਬੀਰ ਸਿੰਘ ਲੁਧਿਆਣਾ, ਡਾ. ਨਿਰਮਲ ਜੌੜਾ, ਡਾ. ਗੁਰਭਜਨ ਸਿੰਘ ਗਿੱਲ, ਡਾ. ਜਗਤਾਰ ਸਿੰਘ ਧੀਮਾਨ ਆਦਿ ਨੇ ਪਰਮਾਤਮਾ ਅੱਗੇ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਸਥਾਨ ਦੇਣ ਅਤੇ ਪਰਿਵਾਰ ਨੂੰ ਇਹ ਭਾਣਾ ਸਹਿਣ ਕਰਨ ਦਾ ਬਲ ਬਖਸ਼ਣ ਦੀ ਅਰਦਾਸ ਕੀਤੀ ਹੈ। ਰਾਜਵੀਰ ਜਵੰਦਾ ਦੀ ਮ੍ਰਿਤਕ ਦੇਹ ਨੂੰ ਮੋਹਾਲੀ ਦੇ ਫੇਜ਼ 6 ਸਥਿਤ ਸਿਵਲ ਹਸਪਤਾਲ ਲਿਆਂਦਾ ਗਿਆ, ਜਿੱਥੇ ਪੋਸਟਮਾਰਟਮ ਕੀਤਾ ਗਿਆ। ਪਰਿਵਾਰ ਸ਼ਾਮ 4:45 ਵਜੇ ਦੇ ਕਰੀਬ ਰਾਜਵੀਰ ਜਵੰਦਾ ਦੀ ਮ੍ਰਿਤਕ ਦੇਹ ਲੈ ਕੇ ਲੁਧਿਆਣਾ ਲਈ ਰਵਾਨਾ ਹੋ ਗਿਆ। ਪੰਜਾਬੀ ਸਿੰਗਰ ਤੇ ਪੰਜਾਬੀ ਫਿਲਮਾਂ ਦੇ ਮਸ਼ਹੂਰ ਕਲਾਕਾਰ ਰਾਜਵੀਰ ਜਵੰਦਾ ਦਾ ਅੰਤਿਮ ਸਸਕਾਰ ਜਗਰਾਉਂ ਦੇ ਪਿੰਡ ਪੋਨਾ ਵਿਚ ਕੱਲ 12 ਵਜੇ ਦੇ ਕਰੀਬ ਕੀਤਾ ਜਾ ਰਿਹਾ। ਰਾਜਵੀਰ ਜਵੰਦਾ ਦੀ ਦੇਹ ਦਾ ਅੰਤਿਮ ਸਰਕਾਰ ਪਿੰਡ ਦੇ ਸ਼ਮਸ਼ਾਨ ਘਾਟ ਦੇ ਵਿੱਚ ਨਹੀਂ ਹੋਵੇਗਾ, ਉਹਨਾਂ ਦੇ ਘਰ ਦੇ ਪਿੱਛੇ ਬਣੇ ਸਰਕਾਰੀ ਪ੍ਰਾਇਮਰੀ ਸਕੂਲ ਦੇ ਮੈਦਾਨ ਦੇ ਨਾਲ ਲੱਗਦੇ ਸੈਡ ਥੱਲੇ ਉਹਨਾਂ ਦੀ ਦੇਹ ਦਾ ਅੰਤਿਮ ਸਸਕਾਰ ਕੀਤਾ ਜਾਵੇਗਾ। ਪਿੰਡ ਵਾਸੀ ਸਰਕਾਰ ਨੂੰ ਵੀ ਅਪੀਲ ਕਰ ਰਹੇ ਨੇ ਕਿ ਜਿੱਥੇ ਉਹ ਘਰ ਦੇ ਪਿਛਲੇ ਪਾਸੇ ਅੰਤਿਮ ਸਸਕਾਰ ਕਰ ਰਹੇ ਨੇ ਉੱਥੇ ਇਕ ਯਾਦਗਾਰ ਬਣਾਈ ਜਾਵੇ।




## ਬਿਲਾਸਪੁਰ ’ਚ ਮਰਨ ਵਾਲੇ 15 ਲੋਕਾਂ ਦੀ ਹੋਈ ਪਛਾਣ, ਇੱਕ ਬੱਚਾ ਅਜੇ ਵੀ ਲਾਪਤਾ

**ਬਿਲਾਸਪੁਰ, 8 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਹਿਮਾਚਲ ਪ੍ਰਦੇਸ਼ ਦੇ ਬਰਥਿਨ ਵਿੱਚ ਇੱਕ ਨਿੱਜੀ ਬੱਸ ਨਾਲ ਟਕਰਾਉਣ ਕਾਰਨ ਹੋਏ ਜ਼ਮੀਨ ਖਿਸਕਣ ਵਿੱਚ ਮਾਰੇ ਗਏ ਲੋਕਾਂ ਦੀ ਪਛਾਣ ਕਰ ਲਈ ਗਈ ਹੈ। ਜਾਣਕਾਰੀ ਅਨੁਸਾਰ ਹਿਮਾਚਲ ਪ੍ਰਦੇਸ਼ ਦੇ ਬਿਲਾਸਪੁਰ ਜ਼ਿਲ੍ਹੇ ਦੇ ਬਰਥਿਨ ਵਿੱਚ ਬੱਸ ਹਾਦਸੇ ਵਿੱਚ 15 ਲੋਕਾਂ ਦੀ ਮੌਤ ਹੋ ਗਈ ਹੈ, ਜਿਸ ਵਿੱਚ ਜ਼ਖਮੀਆਂ ਵਿੱਚ ਨੌਂ ਪੁਰਸ਼, ਚਾਰ ਔਰਤਾਂ ਅਤੇ ਦੋ ਬੱਚੇ ਸ਼ਾਮਲ ਹਨ। ਹਾਦਸੇ ਵਿੱਚ ਦੋ ਬੱਚੇ ਜ਼ਖ਼ਮੀ ਹੋ ਗਏ ਸਨ, ਜਿਨ੍ਹਾਂ ਨੂੰ ਬਾਹਰ ਕੱਢਿਆ ਗਿਆ ਸੀ ਅਤੇ ਹਾਲਤ ਨਾਜ਼ੁਕ ਹਣ ਕਾਰਨ ਬਿਲਾਸਪੁਰ ਏਮਜ਼ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਇਸ ਅਤਿ ਦੁਖਦਾਈ ਹਾਦਸੇ ’ਤੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਦੁੱਖ ਡੂੰਘਾ ਦੁੱਖ ਜ਼ਾਹਰ ਕੀਤਾ ਹੈ। ਪੀਐਮ ਮੋਦੀ ਨੇ ਪੀੜਤ ਪਰਿਵਾਰਕਾਂ ਨਾਲ ਦੁਖ ਜ਼ਾ.ਹਰ ਕਰਦਿਆਂ ਇਸ ਔਖੀ ਘੜੀ ਵਿੱਚ ਨਾਲ ਖੜੇ ਰਹਿਣ ਲਈ ਹੌਸਲਾ ਦਿੱਤਾ ਹੈ। ਪ੍ਰਧਾਨ ਮੰਤਰੀ ਵਲੋਂ ਮ੍ਰਿਤਕਾਂ ਦੇ ਪੀੜਤ ਪਰਿਵਾਰਾਂ ਲਈ 2-2 ਲੱਖ ਰੁਪਏ ਦੀ ਸਹਾਇਤਾ ਅਤੇ ਜ਼ਖ਼ਮੀਆਂ ਲਈ 50-50 ਹਜ਼ਾਰ ਰੁਪਏ ਦੀ ਸਹਾਇਤਾ ਦਾ ਐਲਾਨ ਕੀਤਾ ਹੈ। 15 ਮ੍ਰਿਤਕਾਂ ਦੇ ਪੀਐਮਸੀ ਸੀਐਚਸੀ ਬਾਰਥਿਨ ਵਿਖੇ ਕੀਤੇ ਜਾਣਗੇ। ਇਸ ਲਈ ਸੀਐਮਓ ਵੱਲੋਂ ਵਾਧੂ ਡਾਕਟਰਾਂ ਦਾ ਪ੍ਰਬੰਧ ਕੀਤਾ ਗਿਆ ਹੈ। ਡਾਕਟਰਾਂ ਵੱਲੋਂ ਪੀਐਮਸੀ ਸਵੇਰੇ 7:00 ਵਜੇ ਸ਼ੁਰੂ ਕੀਤਾ ਜਾਵੇਗਾ ਅਤੇ ਸੀਐਮਓ ਅਨੁਸਾਰ ਸਵੇਰੇ 10:30 ਵਜੇ ਤੱਕ ਪੂਰਾ ਹੋਣ ਦੀ ਸੰਭਾਵਨਾ ਹੈ। ਬਾਰਿਸ਼ ਅਤੇ ਖਿਸਕਣ ਕਾਰਨ ਬਚਾਅ ਕਾਰਜ ਲਗਭਗ 2:30 ਵਜੇ ਰੁਕ ਗਿਆ। ਬਚਾਅ ਕਾਰਜ ਸਵੇਰੇ 6:40 ਵਜੇ ਦੁਬਾਰਾ ਸ਼ੁਰੂ ਕੀਤਾ ਗਿਆ ਹੈ ਕਿਉਂਕਿ ਪਰਿਵਾਰ ਨਾਲ ਯਾਤਰਾ ਕਰ ਰਿਹਾ ਇੱਕ 8 ਸਾਲ ਦਾ ਲੜਕਾ ਹੁਣ ਤੱਕ ਲਾਪਤਾ ਦੱਸਿਆ ਜਾ ਰਿਹਾ ਹੈ।


AWAZE QAUM TOUR & TRAVEL (YATRA SINCE 2000)
ਆਵਾਜ਼ਿ ਕੌਮ AWAZE QAUM International Newspaper & WEB TV
YATRA NANKANA SAHIB
WE WILL ALSO BE VISITING 25+ GURDWARA'S AND HISTORICAL PLACES
30 OCT TO 8 NOV, 2025
YATRA INCLUDES:
• GURDWARA NANKANA SAHIB
• GURDWARA PATTI SAHIB
• GURDWARA TAMBU SAHIB
• GURDWARA KIARA SAHIB
• GURDWARA MALJI SAHIB
• GURDWARA BAL LILA SAHIB
• GURDWARA SACHA SAUDA
• GURDWARA RORI SAHIB
• GURDWARA PANJA SAHIB
• GURDWARA BEBE DI BER SIALKOT
• GURDWARA DERA SAHIB
• JANAM ASTHAN BEBE NANKI JI
• BHAI LALU JI DA GHAR
• JANAM ASTHAN GURU RAMDAS JI
• GURDWARA SHRI KARTARPUR SAHIB
• GURDWARA SHAHEED GANJ LAHORE
• MATA SAHIB KAUR JI JANAM ASTHAN
• DARBAR SAI MIAN MIR JI
• SHAHI QILA (SIKH FORT)
RAGHBIR SINGH
+44
7976 210 161
PACKAGE INCLUDES:
PAKISTAN VISA+ HOTEL(TWIN SHARE)+
LUXURY TRANSPORT+ VEG. FOOD +
MINERAL WATER AND MUCH MORE
CANADA SANGAT: +1 647.231.1600 – USA SANGAT: +1 716.342.6007

ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death

Sant Jarnail Singh Ji Khalsa Bhindranwale

www.damdamitaksal.net






ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ

Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ

Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ

Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ

Learn Gurmukhi Punjabi

ਗਤਕਾ ਸਿੱਖੋ Learn Gatka

www.damdamitaksal.net



ਆਵਾਜ਼ਿ ਕੌਮ

Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I

Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


ਦੇਗ ਤੇਗ ਫ਼ਤਿਹ – ਪੰਥ ਕੀ ਜੀਤ

ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥

ਨੌਵੇ ਪਾਤਸ਼ਾਹ ਧੰਨ-ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਤੇ ਮਾਤਾ ਸਾਹਿਬ ਕੌਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ



ਧੰਨ-ਧੰਨ ਮਾਤਾ ਸਾਹਿਬ ਕੌਰ ਜੀ

# ਗੁਰਮਤਿ ਸਮਾਗਮ



ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ

1 ਨਵੰਬਰ 2025, ਦਿਨ ਸ਼ਨੀਵਾਰ ਨੂੰ ਬੱਬਰਾਂ ਦੇ ਹਾਈ ਕੋਰਟ ਗੁਰਦੁਆਰਾ ਸ਼ਹੀਦਾਂ, ਜੱਸੋਵਾਲ ਵਿਖੇ ਬੜੀ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ।

ਲੜੀ ਅਰੰਭ ਸ੍ਰੀ ਅਖੰਡ ਪਾਠ ਸਾਹਿਬ –20 ਅਕਤੂਬਰ, ਸੋਮਵਾਰ, ਸਵੇਰੇ 10 ਵਜੇ

ਲੜੀ ਭੋਗ ਸ੍ਰੀ ਅਖੰਡ ਪਾਠ ਸਾਹਿਬ –1 ਨਵੰਬਰ, ਸ਼ਨੀਵਾਰ, ਸਵੇਰੇ 9 ਵਜੇ

ਨੋਟ : ਇਹ ਸਮਾਗਮ 13 ਦਿਨ ਚੱਲੇਗਾ ਦੇਸ਼-ਵਿਦੇਸ਼ ਤੋਂ ਸੰਗਤਾਂ ਪਹੁੰਚ ਰਹੀਆ।

ਸਮੂਹ ਸੰਗਤ ਨੂੰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਗੁਰੂ ਦੇ ਲੰਗਰ ਅਤੇ ਚਾਹ ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ।



ਬੇਨਤੀ ਕਰਤਾ: ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ

ਦਮਦਮੀ ਟਕਸਾਲ ਵਾਲੇ ਅੰਤਰਰਾਸ਼ਟਰੀ ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦੱਲ

ਜਾਰੀ ਕਰਤਾ : ਭਾਈ ਜਰਨੈਲ ਸਿੰਘ ਵਿੱਲੋਂ, ਬੀਬੀ ਅਰਸ਼ਪ੍ਰੀਤ ਕੌਰ 84278-66404


ਸੰਪਰਕ ਨੰਬਰ
98141-27470
84278-66404
73408-35137

# ਸਾਂਝਾ ਪੰਜਾਬ

VEG & NON-VEG INDIAN

WE CATER FOR
★★★★★






SANJHA PUNJAB
VEG & NON-VEG INDIAN
TAKE AWAY MENU

0116 291 1565
075 9999 5787
47 BELGRAVE ROAD
LEICESTER LE4 6AR
visit us : www.sanjhapunjab.co.uk
email: sanjha47@hotmail.com

SANJHA PUNJAB
VEG & NON-VEG INDIAN
0116 291 1565
visit us : www.sanjhapunjab.co.uk
email: sanjha47@hotmail.com

ALLERGY ADVICE !!
Please ask a member of staff if you have any food intolerance or allergies.



ਆਵਾਜ਼ਿ ਕੌਮ
AWAZE QAUM
International Newspaper & WEB TV

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



## 350 ਸਾਲਾਂ ਸ਼ਤਾਬਦੀ ਨੂੰ ਸਮਰਪਿਤ ਮਹਾਨ ਨਗਰ ਕੀਰਤਨ ਦਿਨ ਐਤਵਾਰ 19 ਅਕਤੂਬਰ 2025

ਸ਼ਹੀਦੀ ਦਿਹਾੜਾ ਧੰਨ ਧੰਨ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸਮਰਪਿਤ ਗੁਰਮਿਤ ਸਮਾਗਮ ਕਰਵਾਏ ਜਾ ਰਹੇ ਹਨ

ਨਗਰ ਕੀਰਤਨ ਦੀ ਆਰੰਭਤਾ ਸਮਾਂ 12:00 ਤੋਂ ਸ਼ਾਮ 5 ਵਜੇ ਪਿੰਡ ਕਾਜ਼ਲਮੋਰਾਨੋ ਵਿਚ ਹੀ ਸਮਾਪਤੀ ਹੋਵੇਗੀ।

ਸ਼ਨਿੱਚਰਵਾਰ 18 ਅਕਤੂਬਰ ਸ਼ਾਮ 5 ਤੋਂ 8 ਵਜ਼ੇ ਤੱਕ ਦੀਵਾਨ ਸਜਣਗੇ।

ਐਤਵਾਰ 19 ਅਕਤੂਬਰ 2025 ਨੂੰ 6:30 ਵਜੇ ਸਵੇਰੇ ਚੌਪੈਹਿਰੇ ਸਾਹਿਬ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 10:00 ਵਜੇ ਭੋਗ ਪੈਣਗੇ ਉਪਰੰਤ 12:00 ਵਜੇ ਤੱਕ ਦੀਵਾਨ ਸਜਣਗੇ।

ਕੀਰਤਨੀ ਜਥਾ ਰਾਗੀ ਭਾਈ ਗੁਰਸ਼ਰਨ ਸਿੰਘ ਜੀ ਯੂ ਕੇ ਵਾਲੇ , ਕਥਾ ਵਾਚਕ , ਕਵੀਸ਼ਰੀ ਜਥਾ ਵਾਰਾਂ ਰਾਹੀਂ ਗੁਰਬਾਣੀ ਗੁਰ ਇਤਿਹਾਸ ਸਿੱਖ ਇਤਿਹਾਸ ਨਾਲ ਸਿੱਖ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**

**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰ ਕਰੋ ਜੀ।
☛ਸਿੱਖ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਪੁੱਜਣ ਦੀ ਕ੍ਰਿਪਾਲਤਾ ਕਰਨੀ ਜੀ।

**Gurdwara Sahib Shaeed Baba Deep Singh ji Damdami Taksaal**

Via Giacomo Matteotti 3Cap
26020Casalmorano Cremona (IT)

E-mail : gur.damdamitaksaalitaly@gmail.com

Call+393475711755 / 3208124778

ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥



ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ, ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ, ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਗੁਰਤਗੱਦੀ ਦਿਵਸ, ਮਾਤਾ ਸਾਹਿਬ ਕੌਰ ਜੀ ਦਾ ਜਨਮ ਦਿਹਾੜਾ, ਭਾਈ ਮਤੀ ਦਾਸ, ਭਾਈ ਸਤੀ ਰਾਮ, ਭਾਈ ਦਿਆਲ ਦਾਸ, ਭਾਈ ਜੈਤਾ ਅਤੇ ਭਾਈ ਲੱਖੀ ਸ਼ਾਹ ਬਨਜਾਰਾ ਨੂੰ ਸਮਰਪਿਤ



# 29ਵਾਂ ਸਲਾਨਾ ਗੁਰਮਤਿ ਸਮਾਗਮ



ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਗੁਰਦੁਆਰਾ ਸ਼ਹੀਦਾਂ, ਪਿੰਡ ਜੱਸੋਵਾਲ (ਬੀਹੜਾਂ) ਬੱਬਰਾਂ ਦੇ ਹਾਈ ਕੋਰਟ

20 ਅਕਤੂਬਰ ਦਿਨ ਸੋਮਵਾਰ ਤੋਂ 1 ਨਵੰਬਰ ਦਿਨ ਸ਼ਨੀਵਾਰ ਤੱਕ 13 ਦਿਨ ਸਮਾਗਮ

**ਮਿਤੀ 1 ਨਵੰਬਰ 2025 ਦਿਨ ਸ਼ਨੀਵਾਰ**

ਨੂੰ ਸ਼੍ਰੀ ਅਖੰਡ ਪਾਠ ਸਾਹਿਬਾਂ ਜੀ ਦੇ ਭੋਗ ਉਪਰੰਤ ਦੀਵਾਨ ਸਜਣਗੇ ।

ਗੁਰੂ ਦੇ ਲੰਗਰ ਅਤੇ ਚਾਹ-ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ ।



ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ

1 ਨਵੰਬਰ 2025 ਦਿਨ ਸ਼ਨੀਵਾਰ ਨੂੰ

ਲੜੀ ਭੋਗ ਸ਼੍ਰੀ ਅਖੰਡ ਪਾਠ ਸਾਹਿਬ 10-00 ਵਜੇ ਸਵੇਰੇ

ਖੁੱਲ੍ਹੇ ਪੰਡਾਲ ਵਿੱਚ ਸਵੇਰੇ 10-00 ਵਜੇ ਤੋਂ ਸ਼ਾਮ 4-00 ਵਜੇ ਤੱਕ ਦੀਵਾਨ ਸਜਣਗੇ ।



## ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ

ਦਮਦਮੀ ਟਕਸਾਲ

ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਮੁੱਖ ਬੁਲਾਰਾ ਅੰਤਰਰਾਸ਼ਟਰੀ ਇੰਟਰਨੈਸ਼ਨਲ ਪੰਥਕ ਦਲ

ਮੋ: 98141-27470, 73408-35137

ਜਾਰੀ ਕਰਤਾ :- ਜਰਨੈਲ ਸਿੰਘ ਢਿੱਲੋਂ, 84278-66404



ਆਵਾਜ਼ਿ ਕੌਮ AWAZE QAUM International Newspaper & WEB TV

ਇੰਗਲੈਂਡ ਅਤੇ ਯੋਰਪ ਦੀਆਂ ਸਿੱਖ ਸੰਗਤਾਂ ਲਈ ਖੁਸ਼ਖਬਰੀ

ਆਵਾਜ਼ਿ ਕੌਮ ਟੂਰ & ਟਰੈਵਲਜ਼ ਅਤੇ ਸ: ਰਘਬੀਰ ਸਿੰਘ ਵਲੋਂ

# ਨਨਕਾਣਾ ਸਾਹਿਬ ਯਾਤਰਾ

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਪ੍ਰਕਾਸ਼ ਪੁਰਬ 5 ਨਵੰਬਰ ਨੂੰ ਸ੍ਰੀ ਨਨਕਾਣਾ ਸਾਹਿਬ ਮਨਾਓ ਜੀ।

ਨਵੰਬਰ 2025
ਬੁਕਿੰਗ ਸ਼ੁਰੂ ਹੈ
ਪਾਕਿਸਤਾਨ ਯਾਤਰਾ ਪੈਕੇਜ £1650



NOV 2025
Book Now
Pakistan Yatra Package £1650

## 9 Days Yatra - 31 Oct to 8 Nov, 2025

ਆਵਾਜ਼ਿ ਕੌਮ AWAZE QAUM International Newspaper & WEB TV

ਗੁਰੂ ਪਿਆਰੀ ਸੰਗਤ ਜੀ, ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ॥
ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਪ੍ਰਕਾਸ਼ ਪੁਰਬ 5 ਨਵੰਬਰ ਨੂੰ ਸ੍ਰੀ ਨਨਕਾਣਾ ਸਮੇਤ ਸੰਸਾਰ ਭਰ ਵਿ'ਚ ਮਨਾਇਆ ਜਾ ਰਿਹਾ ਹੈ। ਸਿੰਘ ਟਰੈਵਲ ਅਤੇ ਗੁਰਧਾਮ ਯਾਤਰਾ ਸੇਵਾ ਸੁਸਾਇਟੀ ਵਲੋਂ 2010 ਤੋਂ ਹਰ ਸਾਲ ਫਰਵਰੀ, ਮਾਰਚ, ਅਪ੍ਰੈਲ, ਸਤੰਬਰ ਅਤੇ ਨਵੰਬਰ ਵਿੱਚ ਸੰਗਤਾਂ ਨੂੰ ਪੰਥ ਤੋਂ ਵਿਛੜੇ ਸ੍ਰੀ ਨਨਕਾਣਾ ਸਾਹਿਬ ਅਤੇ 25 ਤੋਂ ਵੱਧ ਗੁਰਧਾਮਾਂ ਦੇ ਦਰਸ਼ਨ, ਯੋਰਪ ਅਤੇ ਦੁਬਈ ਦੇ ਟੂਰ ਕਰਵਾਏ ਜਾਂਦੇ ਹਨ। ਹੁਣ ਤੱਕ ਕੈਨੇਡਾ, ਅਮਰੀਕਾ, ਇੰਗਲੈਂਡ ਅਤੇ ਯੋਰਪ ਸਮੇਤ ਸੰਸਾਰ ਭਰ ਦੀਆਂ ਹਜਾਰਾਂ ਸੰਗਤਾਂ ਪ੍ਰੀਵਾਰ ਸਮੇਤ ਦਰਸ਼ਨ ਕਰ ਚੁੱਕੀਆਂ ਹਨ, ਤੁਸੀ ਵੀ ਵਧੀਆ ਪ੍ਰਵਾਰਿਕ ਮਾਹੌਲ ਵਿੱਚ ਖੁੱਲੇ ਦਰਸ਼ਨ ਦੀਦਾਰ ਕਰਨ ਅਤੇ ਭਰੋਸੇਯੋਗ ਸੇਵਾਵਾਂ ਲਈ ਅੱਜ ਹੀ ਸੰਪਰਕ ਕਰੋ ਜੀ। ਪੰਜਾਂ ਤਖਤਾਂ ਦੀ ਯਾਤਰਾ ਅਤੇ ਬਜੁਰਗਾਂ ਦੇ ਪਿੰਡ ਵੇਖਣ ਦਾ ਖਾਸ ਪ੍ਰਬੰਧ ਹੈ।

ਸੰਸਾਰ ਭਰ ਵਿੱਚ ਜਾਣ ਲਈ ਸਸਤੀਆਂ ਹਵਾਈ ਟਿਕਟਾਂ ਲਈ ਇਕ ਵਾਰ ਫੋਨ ਜਰੂਰ ਘੁਮਾਓ ਜੀ।

Yatra Expenses from UK: Pakistan 950 + Dubai 695 = From Europe Pakistan 1095 Dubai 795
(Pak Visa, Hotel Twin Share + AC Delux Buses + Veg food + Z+ Security, Attraction Fees & Mineral Water Including the Yatra Expenses)
Special Discount on Yatra for family with Kids & 5 Star Yatra Package available on request



Awaze Qaum Tour & Travels
Tel: + 44 7976 210161
Canada & USA Sangat Call Jasbir Sgh Boparai @
Canada:+1-647-231-1600- USA: +1-716-342-6007


Awaze Qaum Tour & Travels & Raghbir Singh Jatha
SINGH TRAVEL & TOURS LTD.
GURDHAM YATRA & SEVA SOCIETY
CANADA
GURDHAMYATRA.COM
Singh Travel
YATRA
NANKANA SAHIB
OCT 30 - NOV 8, 2025
ਆਵਾਜ਼ਿ ਕੌਮ
AWAZE QAUM
International Newspaper & WEB TV
Nankana Sahib
Panja Sahib
kartarpur Sahib
25+ Gurdwara's & Historical places darshan
ਸਿੰਘ ਟਰੈਵਲ ਨਾਲ ਇੱਕ ਵਾਰ ਯਾਤਰਾ ਜਰੂਰ ਕਰੋ, ਸਾਡਾ 16 ਸਾਲ ਦਾ ਯਾਤਰਾ ਤਜ਼ਰਬਾ, ਤੁਹਾਡੀ ਯਾਤਰਾ ਯਾਦਗਾਰੀ ਬਣਾ ਦੇਵੇਗਾ।
YATRA WITH SINGH TRAVEL – WE MAKE YOUR YATRA TRULY MEMORABLE!
4 Days Dubai + all meals Ac Buses, 5 Attractions Airport & hotel
UK. 695
Europe. 795
9 Days + Veg meals, Ac Buses, Visa+ Hotels & Z+ Security, Without Ticket
UK. 950
Europe. 1095
Pakistan Yatra 9 Days + Veg meals, Ac Buses, Visa+ Hotels, Z+ Security & Return Air Ticket
UK. 1650
Raghbir Singh
07976 210161
Mangal Singh
07939 486321
Jasbir S. Boparai
+1 647.231.1600





### ਪੈਰਾਡਾਈਸ ਸਕੂਲ ਸੀਂਗੋ ਦੇ ਵਿਦਿਆਰਥੀ ਨੇ ਪ੍ਰਾਇਮਰੀ ਸਕੂਲ ਖੇਡਾਂ ਵਿੱਚ

# ਵੱਧ ਤੋਂ ਵੱਧ ਜਿੱਤਾਂ ਹਾਸਲ ਕਰਕੇ ਛੇਵੀਂ ਵਾਰ ਰਚਿਆ ਇਤਿਹਾਸ



**ਤਲਵੰਡੀ ਸਾਬੋ**, 08 **ਅਕਤੂਬਰ (ਗੁਰਜੰਟ ਸਿੰਘ ਨਥੇਹਾ)**- ਹਰ ਵਰ੍ਹੇ ਦੀ ਤਰਾਂ ਬੱਚਿਆਂ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਨੂੰ ਮੁੱਖ ਰੱਖਦਿਆਂ ਪੰਜਾਬ ਸਕੂਲ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਤੇ ਹੁਕਮਾਂ ਮੁਤਾਬਕ ਪੰਜਾਬ ਰਾਜ ਪ੍ਰਾਇਮਰੀ ਸਕੂਲ ਖੇਡਾਂ ਕਰਵਾਈਆਂ ਜਾਂਦੀਆਂ ਹਨ ਇਸ ਵਾਰ ਵੀ ਪ੍ਰਾਇਮਰੀ ਸਕੂਲ ਖੇਡਾਂ ਸੈਂਟਰ ਪੱਧਰ ਸ਼ੁਰੂ ਹੋ ਚੁੱਕੀਆਂ ਹਨ ਜੋ ਕਿ ਬੀਤੀ 3 ਅਕਤੂਬਰ 2025 ਤੋਂ 6 ਅਕਤੂਬਰ 2025 ਤੱਕ ਲਗਾਤਾਰ ਚੱਲਕੇ ਆਪਣੇ ਅਗਲੇ ਪੜਾਅ ਬਲਾਕ ਪੱਧਰ 'ਤੇ ਪਹੁੰਚ ਗਈਆਂ ਹਨ।ਪਿਛਲੇ ਸਾਲਾਂ ਦਾ ਇਤਿਹਾਸ ਦੁਹਰਾਉਂਦਿਆਂ ਪੈਰਾਡਾਈਸ ਪਬਲਿਕ ਸਕੂਲ ਸੀਂਗੋ ਦੇ ਵਿਦਿਆਰਥੀਆਂ ਨੇ ਵੱਖ-ਵੱਖ ਟੀਮਾਂ ਖੇਡ ਈਵੈਂਟਾਂ ਵਿੱਚ ਭਾਗ ਲੈਂਦਿਆਂ ਵੱਧ ਤੋਂ ਵੱਧ ਪੁਜੀਸ਼ਨਾਂ ਹਾਸਲ ਕਰਕੇ ਸਕੂਲ ਦਾ ਮਾਣ ਵਧਾਇਆ ਹੈ। ਇਹਨਾਂ ਉਕਤ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਪੈਰਾਡਾਈਸ ਪਬਲਿਕ ਸਕੂਲ ਸੀਂਗੋ ਦੇ ਪ੍ਰਿੰਸੀਪਲ ਸ੍ਰ. ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਸਾਡੇ ਸਕੂਲ ਦੇ ਵਿਦਿਆਰਥੀਆਂ ਨੇ ਹੈਂਡਵਾਲ, ਰੱਸਾ-ਕੱਸੀ, ਫੁੱਟਬਾਲ, ਕਰਾਟੇ ਲੜਕੀਆਂ ਅਤੇ ਅਥਲੈਟਿਕਸ 100 ਮੀਟਰ ਲੜਕੇ 600 ਮੀਟਰ ਲੜਕੀਆਂ, ਲੰਬੀ ਛਾਲ, ਸ਼ਾਟ-ਪੁੱਟ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਅਤੇ ਬੈਡਮਿੰਟਨ ਲੜਕੇ/ਲੜਕੀਆਂ, ਹਾਕੀ ਲੜਕੇ/ਲੜਕੀਆਂ, ਜਿਮਨਾਸਟਿਕਸ ਲੜਕੇ/ਲੜਕੀਆਂ ਸਤਰੰਜ ਲੜਕੀਆਂ, ਕਰਾਟੇ ਲੜਕੇ ਆਦਿ ਈਵੈਂਟਾਂ ਵਿੱਚ ਦੂਸਰਾ ਸਥਾਨ ਹਾਸਲ ਕਰਕੇ ਛੇਵੀਂ ਵਾਰ ਇਤਿਹਾਸ ਰਚ ਦਿੱਤਾ ਹੈ। ਉਨਾਂ ਹੋਰ ਵੀ ਕਿਹਾ ਕਿ ਦੱਸਣਯੋਗ ਹੈ ਕਿ ਪਿਛਲੇ ਵਿਦਿਅਕ ਵਰ੍ਹਿਆਂ ਦੌਰਾਨ ਸਾਡੇ ਸਕੂਲ ਨੇ ਪੰਜ ਵਾਰ ਓਵਰ ਆਲ ਟਰਾਫੀ ਤੇ ਕਬਜਾ ਕਰੀ ਰੱਖਿਆ ਅਤੇ ਇਸ ਵਾਰ ਵੀ ਸਾਡੇ ਪੈਰਾਡਾਈਸ ਪਬਲਿਕ ਸਕੂਲ ਨੇ ਵੱਧ ਜਿੱਤਾਂ ਹਾਸਲ ਕਰਕੇ ਛੇਵੀਂ ਵਾਰ ਓਵਰ-ਆਲ ਟਰਾਫੀ ਵਾਸਤੇ ਦਾਅਵਾ ਠੋਕ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਸਾਡੇ ਸਕੂਲ ਦੇ ਅਧਿਆਪਕਾਂ ਦੀ ਸਖਤ ਮਿਹਨਤ ਸਦਕਾ ਸੰਭਵ ਹੋਇਆ ਹੈ।ਉਨਾਂ ਕਿਹਾ ਕਿ ਅਜੇ ਖੋ-ਖੋ ਲੜਕੇ/ਲੜਕੀਆਂ ਖੇਡ ਬਾਕੀ ਰਹਿੰਦੀ ਹੈ ਅਤੇ ਹੁਣ ਸਾਡੇ ਵਿਦਿਆਰਥੀ ਬਲਾਕ ਖੇਡਾਂ ਲਈ ਤਿਆਰੀਆਂ ਵਾਸਤੇ ਜੁਟ ਗਏ ਹਨ ਤੇ ਅਸੀਂ ਬਲਾਕ ਖੇਡਾਂ ਵਿੱਚ ਵੀ ਚੰਗਾ ਪ੍ਰਦਰਸ਼ਨ ਕਰਾਂਗੇ। ਇਸ ਮੌਕੇ ਉਨ੍ਹਾਂ ਨਾਲ ਸਕੂਲ ਮੈਨੇਜਮੈਂਟ ਤੋਂ ਸ. ਨਿਰਮਲ ਸਿੰਘ ਨੰਗਲਾ, ਸ. ਗੁਰਪ੍ਰੀਤ ਸਿੰਘ ਭਾਕਰ, ਬੀਰਬਲ ਸਿੰਘ, ਸੁਖਪ੍ਰੀਤ ਸਿੰਘ, ਜਗਜੀਤ ਸਿੰਘ ਆਦਿ ਅਧਿਆਪਕ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਆਪ ਆਗੂ ਜਸਵੀਰ ਸਿੰਘ ਜੱਜ ਨੇ ਫੋਗ ਮਸ਼ੀਨ ਨਾਲ ਕੀਤਾ ਛਿੜਕਾਅ



**ਧੂਰੀ ( ਰਣਜੀਤ ਸਿੰਘ ਪੇਧਨੀ )**-ਪੰਜਾਬ ਦੇ ਮੁੱਖ ਮੰਤਰੀ ਸ, ਭਗਵੰਤ ਸਿੰਘ ਮਾਨ ਵੱਲੋਂ ਧੂਰੀ ਹਲਕੇ ਦੀਆਂ ਨਵੀਆਂ ਪੰਚਾਇਤਾਂ ਨੂੰ ਪਿੰਡਾਂ ਵਿੱਚ ਮੱਛਰ ਦੇ ਪ੍ਰਭਾਵ ਨੂੰ ਰੋਕਣ ਦੇ ਲਈ ਫੋਗ ਮਸ਼ੀਨਾਂ ਵੰਡੀਆਂ ਗਈਆਂ ਸਨ। ਇਸੇ ਹੀ ਤਹਿਤ ਧੂਰੀ ਦੇ ਵਾਰਡ ਨੰ: 12 ਵਿੱਚ ਆਮ ਆਦਮੀ ਪਾਰਟੀ ਦੇ ਵਾਰਡ ਇੰਚਾਰਜ ਜਸਬੀਰ ਸਿੰਘ ਜੱਜ ਵੱਲੋਂ ਮਸ਼ੀਨ ਦੇ ਨਾਲ ਮੱਛਰ ਦੇ ਪ੍ਰਭਾਵ ਨੂੰ ਦੇਖਦਿਆਂ ਹੋਇਆ ਫੋਗ ਮਸ਼ੀਨ ਦੇ ਨਾਲ ਛਿੜਕਾਅ ਕੀਤਾ ਗਿਆ ।ਇਸ ਮੌਕੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਆਪ ਆਗੂ ਜਸਬੀਰ ਸਿੰਘ ਜੱਜ ਨੇ ਕਿਹਾ ਇਹ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਹਲਕੇ ਨੂੰ ਗਰਾਂਟਾਂ ਦੇ ਖੁੱਲੇ ਗੱਫੇ ਦੇ ਕੇ ਨਿਵਾਜਿਆ ਜਾ ਰਿਹਾ ਹੈ। ਇਸੇ ਹੀ ਤਹਿਤ ਸ਼ਹਿਰ ਦੇ ਵਿੱਚ ਵੱਖ-ਵੱਖ ਵਾਰਡਾਂ ਨੂੰ ਗਰਾਂਟਾਂ ਦੇ ਖੁੱਲੇ ਗੱਫੇ ਦੇ ਕੇ ਵਾਰਡਾਂ ਦੀ ਨੁਹਾਰ ਬਦਲੀ ਜਾ ਰਹੀ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

ਅਮਰੀਕੀ ਫ਼ੌਜ ਵਿੱਚ ਦਾੜ੍ਹੀ 'ਤੇ ਪਾਬੰਦੀ

# ਸਿੱਖ ਪਛਾਣ 'ਤੇ ਸਿੱਧਾ ਹਮਲਾ : ਪ੍ਰੋ. ਸਰਚਾਂਦ ਸਿੰਘ ਖਿਆਲਾ



**ਅੰਮ੍ਰਿਤਸਰ, 8 ਅਕਤੂਬਰ (ਆਵਾਜ਼ਿ ਕੌਮ ਬਿਊਰੋ)**- ਭਾਰਤੀ ਜਨਤਾ ਪਾਰਟੀ ਦੇ ਸੂਬਾਈ ਬੁਲਾਰੇ ਅਤੇ ਸਿੱਖ ਚਿੰਤਕ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਨੂੰ ਅਮਰੀਕੀ ਰੱਖਿਆ ਵਿਭਾਗ ਵੱਲੋਂ ਦਾੜ੍ਹੀ ਜਾਂ ਚਿਹਰੇ ਦੇ ਹੋਰ ਵਾਲ ਰੱਖਣ ਸਬੰਧੀ

ਆਵਾਜ਼ਿ ਕੌਮ AWAZE QAUM International Newspaper & WEB TV

ਸੈਨਿਕਾਂ ਨੂੰ ਦਿੱਤੀਆਂ ਧਾਰਮਿਕ ਰਿਆਇਤਾਂ ਰੱਦ ਕਰਨ ਦੇ ਸਖ਼ਤ ਫ਼ੈਸਲੇ ਨਾਲ ਪ੍ਰਭਾਵਿਤ ਸਿੱਖ ਸੈਨਿਕਾਂ ਦੀ ਪੀੜਾ ਦੂਰ ਕਰਨ ਲਈ ਤੁਰੰਤ ਕੂਟਨੀਤਕ ਦਖ਼ਲ ਦੀ ਮੰਗ ਕੀਤੀ ਹੈ।ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੂੰ ਅਮਰੀਕਾ ਨਾਲ ਸਰਕਾਰੀ ਤੇ ਨਿੱਜੀ ਪ੍ਰਭਾਵ ਦੀ ਵਰਤੋ ਕਰਦਿਆਂ ਉੱਥੋਂ ਦੇ ਸਿੱਖ ਸੈਨਿਕਾਂ ਦੇ ਧਾਰਮਿਕ ਅਧਿਕਾਰਾਂ ਦੀ ਰੱਖਿਆ ਯਕੀਨੀ ਬਣਾਉਣੀ ਚਾਹੀਦੀ ਹੈ।

**ਪ੍ਰਧਾਨ ਮੰਤਰੀ ਮੋਦੀ ਅਤੇ ਵਿਦੇਸ਼ ਮੰਤਰੀ ਜੈਸ਼ੰਕਰ ਨੂੰ ਅਮਰੀਕੀ ਸਰਕਾਰ ਨਾਲ ਸਿੱਖ ਸੈਨਿਕਾਂ ਦੇ ਧਾਰਮਿਕ ਅਧਿਕਾਰ ਬਚਾਉਣ ਲਈ ਦਖ਼ਲ ਦੀ ਅਪੀਲ**

ਪ੍ਰੋ. ਖਿਆਲਾ ਨੇ ਪੱਤਰ ਲਿਖ ਕੇ ਦੱਸਿਆ ਕਿ ਅਮਰੀਕੀ ਯੁੱਧ ਵਿਭਾਗ ਦੁਆਰਾ 30 ਸਤੰਬਰ 2025 ਨੂੰ ਪੈਂਟਾਗਨ ਦੀ ਸੀਨੀਅਰ ਲੀਡਰਸ਼ਿਪ, ਲੜਾਕੂ ਕਮਾਂਡਰਾਂ ਅਤੇ ਯੁੱਧ ਏਜੰਸੀਆਂ ਦੇ ਡਾਇਰੈਕਟਰਾਂ ਲਈ ਜਾਰੀ ਨਵੇਂ ਆਦੇਸ਼ਾਂ ਮੁਤਾਬਕ, ਵਿਭਾਗ ਹੁਣ 2010 ਤੋਂ ਪਹਿਲਾਂ ਦੇ ਮਾਪਦੰਡਾਂ 'ਤੇ ਵਾਪਸੀ ਕਰ ਰਿਹਾ ਹੈ। ਇਸ ਅਧੀਨ ਦਾੜ੍ਹੀ ਜਾਂ ਚਿਹਰੇ ਦੇ ਵਾਲ ਰੱਖਣ ਲਈ ਆਮ ਧਾਰਮਿਕ ਛੋਟਾਂ ਹੁਣ ਫ਼ੌਜ ਵਿੱਚ ਪ੍ਰਵਾਨ ਨਹੀਂ ਕੀਤੀਆਂ ਜਾਣਗੀਆਂ।

ਮੈਮੋਰੈਂਡਮ ਅਨੁਸਾਰ, ਛੋਟਾਂ ਸਿਰਫ਼ ਵਿਸ਼ੇਸ਼ ਮਾਮਲਿਆਂ ਵਿੱਚ ਦਿੱਤੀਆਂ ਜਾਣਗੀਆਂ, ਜਿਨ੍ਹਾਂ ਦੀ ਵਿਅਕਤੀਗਤ ਜਾਂਚ ਫ਼ੌਜੀ ਸੇਵਾਵਾਂ ਵਿਚ ਧਾਰਮਿਕ ਅਜ਼ਾਦੀ ਨਾਲ ਸੰਬੰਧਿਤ ਯੁੱਧ ਵਿਭਾਗ ਦੇ ਨਿਰਦੇਸ਼ ਦੇ ਨਿਯਮਾਂ ਤਹਿਤ ਕੀਤੀ ਜਾਵੇਗੀ। ਧਾਰਮਿਕ ਛੋਟ ਲਈ ਅਰਜ਼ੀ ਦੇ ਸਮਰਥਨ ਵਿੱਚ ਮਾਨਤਾ ਪ੍ਰਾਪਤ ਧਾਰਮਿਕ ਅਥਾਰਿਟੀ ਤੋਂ ਵਿਸ਼ਵਾਸ ਦਾ ਸਬੂਤ ਲਗਾਉਣਾ ਲਾਜ਼ਮੀ ਹੋਵੇਗਾ, ਅਤੇ ਇਹ ਛੋਟ ਕੇਵਲ ਉਨ੍ਹਾਂ ਅਹੁਦਿਆਂ ਲਈ ਹੋਵੇਗੀ ਜਿੱਥੇ ਰਸਾਇਣਿਕ ਹਮਲੇ ਜਾਂ ਅੱਗ ਬੁਝਾਉਣ ਦੇ ਜੋਖ਼ਮ ਘੱਟ ਹੋਣ।

ਪ੍ਰੋ. ਖਿਆਲਾ ਕਿਹਾ ਕਿ ਇਹ ਨਵਾਂ ਫ਼ੈਸਲਾ ਧਾਰਮਿਕ ਘੱਟ ਗਿਣਤੀਆਂ ਖ਼ਾਸ ਤੌਰ 'ਤੇ ਸਿੱਖ ਸੈਨਿਕਾਂ ਲਈ ਚਿੰਤਾਜਨਕ ਹੀ ਨਹੀਂ ਸਗੋਂ ਧਾਰਮਿਕ ਪਛਾਣ 'ਤੇ ਸਿੱਧਾ ਹਮਲਾ ਹੈ, ਕਿਉਂਕਿ ਸਿੱਖ ਧਰਮ ਵਿੱਚ ਦਾੜ੍ਹੀ ਅਤੇ ਕੇਸ ਸਿਰਫ਼ ਵਿਅਕਤੀਗਤ ਰੁਚੀ ਨਹੀਂ ਸਗੋਂ ਧਾਰਮਿਕ ਮਰਯਾਦਾ ਅਤੇ ਪਛਾਣ ਦਾ ਅਟੁੱਟ ਅੰਗ ਹਨ। ਕਿਸੇ ਸੈਨਿਕ ਨੂੰ ਆਪਣੀ ਧਾਰਮਿਕ ਪਛਾਣ ਛੱਡਣ ਲਈ ਮਜਬੂਰ ਕਰਨਾ ਮਨੁੱਖੀ ਅਧਿਕਾਰਾਂ ਅਤੇ ਧਾਰਮਿਕ ਆਜ਼ਾਦੀ ਦੀ ਗੰਭੀਰ ਉਲੰਘਣਾ ਹੈ।

ਪ੍ਰੋ. ਖਿਆਲਾ ਨੇ ਯਾਦ ਦਿਵਾਇਆ ਕਿ 2017 ਵਿੱਚ ਸਿੱਖ ਸੈਨਿਕਾਂ ਅਤੇ ਸੰਗਠਨਾਂ ਦੀ ਲੰਬੀ ਜੱਦੋਜਹਿਦ ਉਪਰੰਤ ਅਮਰੀਕੀ ਰੱਖਿਆ ਵਿਭਾਗ ਨੇ ਸਿੱਖਾਂ ਨੂੰ ਦਸਤਾਰਾਂ ਅਤੇ ਦਾੜ੍ਹੀਆਂ ਨਾਲ ਅਮਰੀਕੀ ਫ਼ੌਜ ਵਿੱਚ ਬਿਨਾਂ ਕਿਸੇ ਪਾਬੰਦੀ ਸੇਵਾ ਕਰਨ ਦੀ ਇਜਾਜ਼ਤ ਦਿੱਤੀ ਸੀ।ਹੁਣ 2025 ਵਿੱਚ ਇਸ ਫ਼ੈਸਲੇ ਨੂੰ ਵਾਪਸ ਲੈਣਾ ਸਿਰਫ਼ ਧਾਰਮਿਕ ਅਜ਼ਾਦੀ ਹੀ ਨਹੀਂ, ਸਿੱਖਾਂ ਦੇ ਇਤਿਹਾਸਕ ਯੋਗਦਾਨ ਦਾ ਵੀ ਅਪਮਾਨ ਹੈ।

ਉਨ੍ਹਾਂ ਕਿਹਾ ਕਿ ਕਿਸੇ ਵੀ ਸਰਕਾਰੀ ਹੁਕਮ ਨਾਲ ਸਿੱਖ ਧਰਮ ਦੀ ਪਛਾਣ ਨਾ ਦਬਾਈ ਜਾ ਸਕਦੀ ਹੈ ਤੇ ਨਾ ਹੀ ਘਟਾਈ ਜਾ ਸਕਦੀ ਹੈ। ਦੁਨੀਆ ਭਰ ਦੇ ਸਿੱਖਾਂ ਨੂੰ ਇਕੱਠੇ ਹੋ ਕੇ ਆਪਣੀ ਪਛਾਣ ਅਤੇ ਵਿਸ਼ਵਾਸ ਦੀ ਰੱਖਿਆ ਲਈ ਆਵਾਜ਼ ਉਠਾ ਰਹੇ ਹਨ, ਕਿਉਂਕਿ ਦਾੜ੍ਹੀ ਅਤੇ ਦਸਤਾਰ ਸਿਰਫ਼ ਪ੍ਰਤੀਕ ਨਹੀਂ, ਸਗੋਂ ਸਿੱਖ ਅਸਤਿਤਵ ਦੀ ਮੂਲ ਪਹਿਚਾਣ ਹਨ। ਇਸ ਕਾਰਜ ਲਈ ਉਨ੍ਹਾਂ ਪ੍ਰਧਾਨ ਮੰਤਰੀ ਮੋਦੀ ਅਤੇ ਵਿਦੇਸ਼ ਮੰਤਰੀ ਜੈਸ਼ੰਕਰ ਨੂੰ ਅਮਰੀਕੀ ਸਰਕਾਰ ਨਾਲ ਗੱਲਬਾਤ ਕਰਕੇ ਸਿੱਖ ਸੈਨਿਕਾਂ ਦੇ ਧਾਰਮਿਕ ਅਧਿਕਾਰ ਬਚਾਉਣ ਲਈ ਦਖ਼ਲ ਦੀ ਅਪੀਲ ਕੀਤੀ।

ਖਪਤਕਾਰਾਂ ਦੇ ਅਧਿਕਾਰਾਂ ਨੂੰ ਸੁਰੱਖਿਅਤ ਰੱਖਣ 'ਚ ਭਾਰਤੀ ਮਿਆਰ ਬਿਊਰੋ ਦਾ ਅਹਿਮ ਯੋਗਦਾਨ : ਐਸ.ਡੀ.ਐਮ.

# ਭਾਰਤੀ ਮਿਆਰ ਬਿਊਰੋ ਨੇ ਧੂਰੀ ਵਿਖੇ ਕਰਵਾਇਆ ਸੰਮੇਲਨ






ਧੂਰੀ ( ਰਣਜੀਤ ਸਿੰਘ ਪੇਧਨੀ ) ਭਾਰਤੀ ਮਿਆਰ ਬਿਊਰੋ ਵੱਲੋਂ ਵਿਸ਼ਵ ਮਾਪਦੰਡ ਦਿਵਸ 2025 ਦੇ ਸਮਾਗਮਾਂ ਦੀ ਲੜੀ ਤਹਿਤ ਅੱਜ ਧੂਰੀ ਵਿਖੇ ਸੰਮੇਲਨ ਕਰਵਾਇਆ ਗਿਆ। ਇਸ ਮੌਕੇ ਧੂਰੀ ਦੇ ਐਸ.ਡੀ.ਐਮ. ਰਿਸ਼ਭ ਬਾਂਸਲ ਸਮਾਗਮ 'ਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਭਾਰਤੀ ਮਿਆਰ ਬਿਊਰੋ ਵੱਲੋਂ ਗੁਣਵੱਤਾ ਮਾਪਦੰਡਾਂ ਲਈ ਕੀਤੇ ਜਾ ਰਹੇ ਕਾਰਜਾਂ ਸ਼ਲਾਘਾਯੋਗ ਹਨ ਅਤੇ ਅਜਿਹੇ ਅਦਾਰੇ ਖਪਤਕਾਰ ਦੇ ਅਧਿਕਾਰਾਂ ਨੂੰ ਸੁਰੱਖਿਅਤ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਸਮਾਗਮ ਦੀ ਸ਼ੁਰੂਆਤ ਮੌਕੇ ਭਾਰਤੀ ਮਿਆਰ ਬਿਊਰੋ ਵੱਲੋਂ ਗੁਣਵੱਤਾ ਤੇ ਸੁਰੱਖਿਆ ਸਬੰਧੀ ਕੀਤੇ ਜਾ ਰਹੇ ਕਾਰਜਾਂ ਨੂੰ ਦਰਸਾਇਆ ਗਿਆ। ਬੀ.ਆਈ.ਐਸ. ਚੰਡੀਗੜ੍ਹ ਬਰਾਂਚ ਦੇ ਡਾਇਰੈਕਟਰ ਸ਼੍ਰੀ ਵਿਸ਼ਾਲ ਤੋਮਰ ਦੀ ਅਗਵਾਈ ਵਿੱਚ ਕਰਵਾਏ ਸੰਮੇਲਨ ਦੌਰਾਨ ਸੰਯੁਕਤ ਡਾਇਰੈਕਟਰ ਅਜੈ ਮੋਰਿਆਂ ਨੇ ਸੰਮੇਲਨ ਦੇ ਉਦੇਸ਼ਾਂ ਬਾਰੇ ਜਾਣਕਾਰੀ ਦਿੱਤੀ ਅਤੇ ਉਤਪਾਦ ਦੀ ਭਰੋਸੇਯੋਗਤਾ, ਗੁਣਵੱਤਾ ਤੇ ਖਪਤਕਾਰ ਭਰੋਸੇ ਨੂੰ ਯਕੀਨੀ ਬਣਾਉਣ ਵਿੱਚ ਮਾਪਦੰਡਾਂ ਦੀ ਮਹੱਤਤਾ 'ਤੇ ਚਾਨਣਾ ਪਾਇਆ। ਸੰਮੇਲਨ ਦੌਰਾਨ ਡਿਪਟੀ ਡਾਇਰੈਕਟਰ ਬੀ.ਆਈ.ਐਸ. ਸ੍ਰੀ ਕੁਸ਼ਾਗਰ ਜਿੰਦਲ ਨੇ ਮਾਪਦੰਡਾਂ ਦੀ ਕਾਰਗੁਜ਼ਾਰੀ ਅਤੇ ਡੀਜ਼ੀਟਲਾਈਜੇਸ਼ਨ ਵਿਸ਼ੇ 'ਤੇ ਤਕਨੀਕੀ ਜਾਣਕਾਰੀ ਸਾਂਝੀ ਕੀਤੀ। ਇਸ ਸੰਮੇਲਨ ਵਿੱਚ 70 ਤੋਂ ਵੱਧ ਪ੍ਰਤੀ ਭਾਗੀਆਂ ਨੇ ਹਿੱਸਾ ਲਿਆ। ਜਿਨ੍ਹਾਂ ਵਿੱਚ ਸਰਕਾਰੀ ਵਿਭਾਗਾਂ, ਵਿੱਦਿਅਕ ਸੰਸਥਾਵਾਂ, ਉਦਯੋਗ, ਗੈਰ-ਸਰਕਾਰੀ ਸੰਸਥਾਵਾਂ ਅਤੇ ਰੈਜ਼ੀਡੈਂਟ ਵੈੱਲਫੇਅਰ ਐਸੋਸੀਏਸ਼ਨਾਂ ਦੇ ਪ੍ਰਤੀਨਿਧੀ ਸ਼ਾਮਲ ਸਨ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਸਵਾਲ-ਜਵਾਬ ਸੈਸ਼ਨ ਕੀਤਾ ਗਿਆ, ਜਿਥੇ ਹਾਜ਼ਰੀਨ ਦੇ ਸ਼ੰਕਿਆਂ ਦਾ ਮੌਕੇ 'ਤੇ ਮਾਹਰਾਂ ਵੱਲੋਂ ਨਿਪਟਾਰਾ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਧੂਰੀ ਦੇ ਰਾਇਸ ਮਿਲਰਜ ਨੂੰ ਕਿਸੇ ਵੀ ਕਿਸਮ ਦੀ ਕੋਈ ਵੀ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ: ਓਐਸਡੀ ਸੁੱਖੀ




**ਧੂਰੀ ( ਰਣਜੀਤ ਸਿੰਘ ਪੇਧਨੀ )**-ਐਚ ਆਰ ਬਾਂਸਲ ਰਾਈਸ ਟਰੇਡਰਜ ਦੇ ਪ੍ਰਮੁੱਖ ਆਗੂ ਵਿਜੇ ਕੁਮਾਰ ਬਾਂਸਲ ਦੀ ਅਗਵਾਈ ਹੇਠ ਵੱਖ ਵੱਖ ਰਾਈਸ ਮਿਲਰ ਐਸੋਸੀਏਸਨ ਦੇ ਆਗੂ ਅਤੇ ਇਲਾਕੇ ਦੇ ਮੁਹਤਬਰ ਵਿਅਕਤੀ, ਪੰਚਾਂ, ਸਰਪੰਚਾਂ ,ਆੜਤੀਆਂ ਦੀ ਇੱਕ ਮੀਟਿੰਗ ਦਾ ਅਯੋਜਨ ਕੀਤਾ ਗਿਆ। ਜਿਸ ਵਿੱਚ ਪੰਜਾਬ ਦੇ ਮੁੱਖ ਮੰਤਰੀ ਸ, ਭਗਵੰਤ ਸਿੰਘ ਮਾਨ ਦੇ ਓਐਸਡੀ ਸ ਸੁਖਬੀਰ ਸਿੰਘ ਸੁੱਖੀ, ਮੁੱਖ ਮੰਤਰੀ ਕੈਂਪਸ ਦੇ ਇੰਚਾਰਜ ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕੀਟ ਕਮੇਟੀ ਧੂਰੀ, ਮੁੱਖ ਮੰਤਰੀ ਕੈਂਪਸ ਦੇ ਇੰਚਾਰਜ ਸਰਦਾਰ ਦਲਬੀਰ ਸਿੰਘ ਢਿੱਲੋ ਚੇਅਰਮੈਨ ਲਘੂ ਉਦਯੋਗ ਨਿਗਮ ਪੰਜਾਬ, ਚੇਅਰਮੈਨ ਸ੍ਰੀ ਅਸ਼ੋਕ ਕੁਮਾਰ ਲੱਖਾ, ਸ, ਸਤਿੰਦਰ ਸਿੰਘ ਚੱਠਾ ਪ੍ਰਧਾਨ ਐਫਸੀਆਈ ਟਰੇਡ ਯੂਨੀਅਨ ਭਾਰਤ, ਡਾਕਟਰ ਅਨਬਰ ਭਸੌੜ ਮੈਂਬਰ ਵਕਫ ਬੋਰਡ ਪੰਜਾਬ, ਆੜਤੀਆ ਐਸੋਸੀਏਸ਼ਨ ਦੇ ਪ੍ਰਧਾਨ ਸ, ਜਤਿੰਦਰ ਸਿੰਘ ਸੋਨੀ ਮੰਡੇਰ, ਐਮਸੀ ਰਿੰਕੂ ਚੌਧਰੀ, ਸਮਾਜ ਸੇਵੀ ਮਿੰਟੂ ਔਲਖ , ਮਿਊਸੀਪਲ ਕਮੇਟੀ ਦੇ ਪ੍ਰਧਾਨ ਸੰਦੀਪ ਤਾਈਲ ਪੱਪੂ, ਨਰੇਸ਼ ਸਿੰਗਲਾ, ਪੰਚਾਇਤ ਯੂਨੀਅਨ ਧੂਰੀ ਦੇ ਪ੍ਰਧਾਨ ਜਗਸੀਰ ਸਿੰਘ ਜੱਗਾ ਭੋਜੋਵਾਲੀ, ਸਰਪੰਚ ਦਵਿੰਦਰ ਸਿੰਘ ਧੂਰਾ, ਸਰਪੰਚ ਜਗਰੂਪ ਸਿੰਘ ਕੌਲਸੇੜੀ, ਸਮਾਜ ਸੇਵੀ ਸੰਮੀ ਕੁਮਾਰ ਧੂਰੀ, ਸਰਪੰਚ ਰਾਜ ਸਿੰਘ ਮਾਨ ਵਾਲਾ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਵੱਖ ਵੱਖ ਆਗੂਆਂ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਰਾਇਸ ਮਿਲਰਜ ਐਸੋਸੀਏਸ਼ਨ ਦੇ ਆਗੂਆਂ ਨੂੰ ਆ ਰਹੀਆਂ ਮੁਸ਼ਕਲਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਸੋਮਾ ਐਮ ਸੀ, ਬਿਲੂ ਐਮ ਸੀ , ਆਪ ਆਗੂ ਮਾਣਾ ਗਰੇਵਾਲ ਆਪ ਆਗੂ ਭਿੰਦਾਵਿਰਕ ਬਲਾਕ ਪ੍ਰਧਾਨ ਸੁਖਪਾਲ ਸਿੰਘ ਪਾਲਾ ਬਲਾਕ ਪ੍ਰਧਾਨ ਗਗਨਜਵੰਦਾ ਸਰਪੰਚ ਜਸਵਿੰਦਰ ਸਿੰਘ ਘਨੌਰ ਐਡਵੋਕੇਟ ਹੈਪੀ ਗੋਇਲ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਤਹਿਤ ਸਬ ਡਵੀਜ਼ਨ ਸੰਗਰੂਰ ਵਿਖੇ ਹ.ਫਤੇ ਦੌਰਾਨ ਐਨ.ਡੀ.ਪੀ.ਐਸ ਦੇ 3 ਮੁਕੱਦਮੇ ਦਰਜ, 4 ਦੋਸ਼ੀ ਗ੍ਰਿ.ਫਤਾਰ : ਡੀ.ਐਸ.ਪੀ. ਸੁਖਦੇਵ ਸਿੰਘ

**ਟਰੈਫ਼ਿਕ ਨਿਯਮਾਂ ਦੀ ਉਲੰਘਣਾ ਕਰਨ ਵਾਲੇ 108 ਵਾਹਨਾਂ ਦੇ ਕੱਟੇ ਚਲਾਨ : ਸੁਖਦੇਵ ਸਿੰਘ**



**ਸੰਗਰੂਰ ( ਰਣਜੀਤ ਸਿੰਘ ਪੇਧਨੀ )**-ਡੀ.ਐਸ.ਪੀ. ਸੰਗਰੂਰ ਸੁਖਦੇਵ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਵਿੱਢੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਐਸ.ਐਸ.ਪੀ. ਸੰਗਰੂਰ ਸ਼੍ਰੀ ਸਰਤਾਜ ਸਿੰਘ ਚਹਿਲ ਆਈ.ਪੀ.ਐਸ. ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੰਗਰੂਰ ਪੁਲਿਸ ਵੱਲੋਂ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਵੱਡੇ ਪੱਧਰ 'ਤੇ ਕਾਰਵਾਈ ਕੀਤੀ ਜਾ ਰਹੀ ਹੈ।

ਸ੍ਰੀ ਸੁਖਦੇਵ ਸਿੰਘ ਨੇ ਦੱਸਿਆ ਕਿ ਸਬ-ਡਵੀਜ਼ਨ ਸੰਗਰੂਰ ਅਧੀਨ ਆਉਂਦੇ ਥਾਣਾ ਸਦਰ ਸੰਗਰੂਰ, ਥਾਣਾ ਸਿਟੀ ਸੰਗਰੂਰ ਅਤੇ ਥਾਣਾ ਸਿਟੀ-1 ਸੰਗਰੂਰ ਦੀ ਪੁਲਿਸ ਵੱਲੋਂ ਲੰਘੇ ਹਫ਼ਤੇ ਦੌਰਾਨ ਤਿੰਨ ਮੁਕੱਦਮੇ ਐਨ.ਡੀ.ਪੀ.ਐਸ. ਐਕਟ ਦੇ ਦਰਜ ਕਰਕੇ ਚਾਰ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਇਨ੍ਹਾਂ ਦੋਸ਼ੀਆਂ ਪਾਸੋਂ 173.63 ਗ੍ਰਾਮ ਚਿੱਟਾ/ਹੈਰੋਇਨ ਬਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਗਈ ਹੈ। ਇਸ ਤੋਂ ਇਲਾਵਾ ਹੋਰ ਮੁਕੱਦਮਿਆਂ ਵਿੱਚ ਵੀ 10 ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਡੀ.ਐਸ.ਪੀ. ਨੇ ਦੱਸਿਆ ਕਿ ਇਸੇ ਦੌਰਾਨ ਨਸ਼ੇ ਦੀ ਬਿਮਾਰੀ ਤੋ ਪੀੜਤ ਵਿਅਕਤੀਆਂ ਨੂੰ ਨਸ਼ੇ ਦੀ ਦਲਦਲ ਤੋ ਨਿਜਾਤ ਦਵਾਉਣ ਲਈ ਇਕ ਪੀੜਤ ਨੂੰ ਦਵਾਈ ਦਿਵਾਉਣ ਦੇ ਨਾਲ ਨਾਲ ਇਕ ਵਿਅਕਤੀ ਨੂੰ ਇਲਾਜ ਲਈ ਨਸ਼ਾ ਛਡਾਊ ਕੇਂਦਰ ਵਿੱਚ ਦਾਖਲ ਕਰਵਾਇਆ ਗਿਆ ਹੈ। ਟਰੈਫ਼ਿਕ ਦੇ ਨਿਯਮਾਂ ਦੀ ਉਲੰਘਣਾ ਕਰਨ ਵਾਲੇ 108 ਵਹੀਕਲਾਂ ਦੇ ਟਰੈਫ਼ਿਕ ਚਲਾਨ ਕੀਤੇ ਗਏ ਹਨ ਅਤੇ ਅਮਨ ਕਾਨੂੰਨ ਨੂੰ ਬਹਾਲ ਰੱਖਣ ਲਈ 05 ਵਿਅਕਤੀਆਂ ਦੇ ਖ਼ਿਲਾਫ਼ ਰੋਕੂ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ। ਪਬਲਿਕ ਨੂੰ ਇਨਸਾਫ਼ ਦੇਣ ਦੇ ਮੱਦੇਨਜ਼ਰ ਪਬਲਿਕ ਵੱਲੋਂ ਦਿੱਤੀਆਂ ਗਈਆਂ 32 ਸ਼ਿਕਾਇਤਾਂ ਦਾ ਯੋਗ ਨਿਪਟਾਰਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਲੰਘੇ ਹ.ਫਤੇ ਦੌਰਾਨ ਅਣਪਛਾਤੇ ਵਿਅਕਤੀ ਵੱਲੋਂ ਬਜ਼ੁਰਗ ਔਰਤ ਦੇ ਘਰ ਅੰਦਰ ਦਾਖਲ ਹੋ ਕੇ ਸੋਨੇ ਦੀ ਬਾਲੀ ਅਤੇ ਨੱਕ ਦੇ ਕੋਕੇ ਦੀ ਖੋਹ ਕੀਤੀ ਗਈ ਸੀ, ਜਿਸ ਸਬੰਧੀ ਥਾਣਾ ਸਿਟੀ ਸੰਗਰੂਰ ਵਿੱਚ ਮੁਕੱਦਮਾ ਦਰਜ ਕਰਕੇ ਕੁੱਝ ਘੰਟਿਆਂ ਵਿੱਚ ਹੀ ਵਿਅਕਤੀ ਕ੍ਰਿਸ਼ਨ ਠੁਕਰਾਲ ਪੁੱਤਰ ਨਰੇਸ਼ ਕੁਮਾਰ ਠੁਕਰਾਲ ਵਾਸੀ ਕ੍ਰਿਸ਼ਨਾ ਬਸਤੀ ਪਟਿਆਲਾ ਗੇਟ ਸੰਗਰੂਰ ਨੂੰ ਟਰੇਸ ਕਰਕੇ ਗ੍ਰਿਫ਼ਤਾਰ ਕਰਨ ਉਪਰੰਤ ਬੰਦ ਜੇਲ੍ਹ ਭੇਜਿਆ ਗਿਆ। ਉਨ੍ਹਾਂ ਦੱਸਿਆ ਕਿ ਸੰਗਰੂਰ ਪੁਲਿਸ ਆਪਣੀ ਡਿਊਟੀ ਦੇ ਨਾਲ ਨਾਲ ਸਮਾਜਿਕ ਜ਼ਿੰਮੇਵਾਰੀ ਨਿਭਾਉਂਦੇ ਹੋਏ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਵਾਉਣ ਸਬੰਧੀ ਪਿੰਡਾਂ ਵਿੱਚ ਜਾਗਰੂਕ ਕੈਪ 'ਚ ਵੀ ਜਾ ਰਹੀ ਹੈ, ਤਾਂ ਜੋ ਪਰਾਲੀ ਨੂੰ ਅੱਗ ਲਗਾਉਣ ਨਾਲ ਵਾਤਾਵਰਣ ਅਤੇ ਜ਼ਮੀਨ ਨੂੰ ਹੁੰਦੇ ਨੁਕਸਾਨ ਪ੍ਰਤੀ ਕਿਸਾਨਾਂ ਨੂੰ ਜਾਗਰੂਕ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਸੰਗਰੂਰ ਸ਼ਹਿਰ ਅਤੇ ਇਲਾਕੇ ਅੰਦਰ ਅਮਨ ਕਾਨੂੰਨ ਬਹਾਲ ਰੱਖਣ ਸਬੰਧੀ ਪੁਲਿਸ ਵੱਲੋਂ ਠੋਸ ਕਦਮ ਚੁੱਕੇ ਜਾ ਰਹੇ ਹਨ, ਭਵਿੱਖ ਵਿੱਚ ਵੀ ਮਾੜੇ ਅਨਸਰਾਂ 'ਤੇ ਸਖ਼ਤ ਨਿਗਰਾਨੀ ਰੱਖ ਕੇ ਇਨ੍ਹਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਦੇ ਹੋਏ ਇਲਾਕੇ ਨੂੰ ਨਸ਼ਾ ਮੁਕਤ ਬਣਾਇਆ ਜਾਵੇਗਾ।

### ਲੋਕ ਨਿਰਮਾਣ ਮੰਤਰੀ ਵੱਲੋਂ ਜੰਡਿਆਲਾ ਗੁਰੂ ਹਲਕੇ ਵਿੱਚ

# 1.94 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੀਆਂ ਸੜਕਾਂ ਦੀ ਸ਼ੁਰੂਆਤ



ਆਵਾਜ਼ਿ ਕੌਮ AWAZE QAUM International Newspaper & WEB TV

**ਜੰਡਿਆਲਾ ਗੁਰੂ , 8 ਅਕਤੂਬਰ ( ਕੁਲਵੰਤ ਸਿੰਘ ਵਿਰਦੀ )** ਲੋਕ ਨਿਰਮਾਣ ਵਿਭਾਗ ਦੇ ਕੈਬਨਿਟ ਮੰਤਰੀ ਸ ਹਰਭਜਨ ਸਿੰਘ ਈਟੀਓ ਨੇ ਅੱਜ ਜੰਡਿਆਲਾ ਗੁਰੂ ਹਲਕੇ ਦੇ ਵੱਖ ਵੱਖ ਪਿੰਡਾਂ ਵਡਾਲੀ ਡੋਗਰਾਂ ਤੋਂ ਮਾਨਾਂਵਾਲਾ ਕਲਾ,ਮਿਹੋਕਾ ਤੋਂ ਗਾਰਡਨ ਕਲੋਨੀ,ਰੱਖ ਦੇਵੀਦਾਸਪੁਰਾ ਤੋਂ ਅਮਰਕੋਟ, ਮਾਨਾਂਵਾਲਾ ਕਲਾ ਤੋ ਨੰਗਲ ਦਿਆਲ ਸਿੰਘ, ਸੁੱਖੇਵਾਲ ਤੋਂ ਮਾਹੀਵਾਲ ਖੂਹ, ਸੁਖੇਵਾਲ ਤੋਂ ਰਾਜੇਵਾਲ ਰੋਡ, ਤਰਨ ਤਾਰਨ ਰੋਡ ਤੋਂ ਗੁਰਦੁਆਰਾ ਝੰਗੀ ਸਾਹਿਬ ਵਾਲੀਆਂ ਸੜਕਾਂ ਦੇ ਉਦਘਾਟਨ ਕੀਤਾ ਗਏ।ਉਹਨਾਂ ਦੱਸਿਆ ਕਿ ਇਹਨਾਂ ਸੜਕਾਂ ਤੇ 1 ਕਰੋੜ 94 ਲੱਖ 76 ਹਜ਼ਾਰ ਰੁਪਏ ਦੀ ਲਾਗਤ ਆਵੇਗੀ ਅਤੇ ਇਹ ਸਾਰੀਆਂ ਸੜਕਾਂ ਆਉਂਦੇ ਛੇ ਮਹੀਨੇ ਦੇ ਅੰਦਰ ਮੁਕੰਮਲ ਹੋਣਗੀਆਂ।ਕੈਬਨਿਟ ਮੰਤਰੀ ਨੇ ਦੱਸਿਆ ਕਿ ਇਹਨਾਂ ਸੜਕਾਂ ਦੀ ਖਾਸ ਮੁਰੰਮਤ ਹੋਣ ਨਾਲ ਇਥੋਂ ਦੇ ਵਸਨੀਕਾਂ ਨੂੰ ਆਵਾਜਾਈ ਵਿੱਚ ਕਾਫੀ ਰਾਹਤ ਮਿਲੇਗੀ।ਇਸ ਮੌਕੇ ਸਰਦਾਰ ਈਟੀਓ ਨੇ ਸੰਬੰਧਿਤ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਵਿਕਾਸ ਕਾਰਜਾਂ ਵਿੱਚ ਕਿਸੇ ਕਿਸਮ ਦੀ ਢਿੱਲ ਮੱਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਉਹਨਾਂ ਕਿਹਾ ਕਿ ਸਾਰੀਆਂ ਸੜਕਾਂ ਦੀ ਕਵਾਲਟੀ ਬਿਹਤਰ ਹੋਣੀ ਚਾਹੀਦੀ ਹੈ ਅਤੇ ਸਾਰੇ ਕੰਮ ਸਮੇਂ ਸੀਮਾ ਵਿੱਚ ਮੁਕੰਮਲ ਹੋਣੇ ਚਾਹੀਦੇ ਹਨ।ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਕਿਹਾ ਕਿ ਹਲਕੇ ਵਿਚ ਵਿਕਾਸ ਦੇ ਨਾਮ ਤੇ ਵੋਟਾਂ ਮੰਗਾਂਗੇ। ਉਨਾਂ ਪਿਛਲੇ ਸਮੇਂ ਰਾਜ ਕਰਦੀਆਂ ਰਹੀਆਂ ਸਰਕਾਰਾਂ ਨੂੰ ਚੁਣੌਤੀ ਦਿੰਦਿਆਂ ਕਿਹਾ ਕਿ ਸ ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਹਲਕੇ ਦਾ ਵੱਧ ਵਿਕਾਸ ਅਤੇ ਹੁਣ ਤੱਕ ਦੀਆਂ ਸਭ ਤੋਂ ਤੋ ਵੱਧ ਗਰਾਟਾਂ ਦਿੱਤੀਆਂ ਗਈਆਂ ਹਨ। ਉੱਨਾਂ ਕਿਹਾ ਕਿ ਮੈਂ ਆਪਣੇ ਹਲਕੇ ਵਿੱਚ ਕੋਈ ਵੀ ਸਰਕਾਰੀ ਸਕੂਲ ਅਜਿਹਾ ਨਹੀਂ ਰਹਿਣ ਦਿੱਤਾ , ਜਿਸ ਵਿੱਚ ਉਹਨਾਂ ਦੀ ਜਰੂਰਤ ਅਨੁਸਾਰ ਲੋੜਾਂ ਪੂਰੀਆਂ ਨਹੀਂ ਕੀਤੀਆਂ ਗਈਆਂ। ਇਸ ਤੋਂ ਇਲਾਵਾ ਹਲਕੇ ਦੀਆਂ ਬਹੁਤੀਆਂ ਸੜਕਾਂ ਚੌੜੀਆਂ ਬਣਾਈਆਂ ਜਾ ਰਹੀਆਂ ਹਨ ਅਤੇ ਬਾਕੀ ਸੜਕਾਂ ਵੀ ਨਵੀਆਂ ਬਣ ਰਹੀਆਂ ਹਨ।ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਜਿਨਾਂ ਵਾਅਦਿਆਂ ਨਾਲ ਸੱਤਾ ਵਿੱਚ ਆਈ ਸੀ, ਉਨਾਂ ਨੂੰ ਪੂਰਾ ਕੀਤਾ ਜਾ ਰਿਹਾ ਹੈ। ਸ ਹਰਭਜਨ ਸਿੰਘ ਨੇ ਕਿਹਾ ਕਿ ਅਸੀਂ ਇਹਨਾਂ ਕੰਮਾਂ ਦੇ ਆਧਾਰ ਉੱਤੇ ਹੀ ਲੋਕਾਂ ਦੀ ਕਚਹਿਰੀ ਵਿੱਚ ਜਾਵਾਂਗੇ ਅਤੇ ਵੱਡੀ ਫਰਕ ਨਾਲ ਮੁੜ ਜਿੱਤ ਪ੍ਰਾਪਤ ਕਰਾਂਗੇ। ਇਸ ਮੌਕੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਸੇਵਾ ਸੋਸਾਇਟੀ ਵਡਾਲੀ ਡੋਗਰਾਂ ਦੇ ਪ੍ਰਧਾਨ ਭਾਈ ਸਾਹਿਬ ਸਿੰਘ ਸੰਧੂ, ਸੰਦੀਪ ਸਿੰਘ ਮੌਜੀ, ਆਦਿ ਹਾਜ਼ਰ ਸਨ।

**ਛੇ ਮਹੀਨਿਆਂ ਦੇ ਅੰਦਰ ਅੰਦਰ ਬਣ ਕੇ ਤਿਆਰ ਹੋਣਗੀਆਂ ਇਹ ਲਿੰਕ ਸੜਕਾਂ -ਈ ਟੀ ਓ**

### 14ਵੇਂ ਨਾਟਿਅਮ ਨੈਸ਼ਨਲ ਥੀਏਟਰ ਫੈਸਟੀਵਲ ਦੇ ਬਾਰ੍ਹਵੇਂ ਦਿਨ

# ਵਿਅੰਗ ਭਰਪੂਰ ਨਾਟਕ 'ਏਕ ਔਰ ਮੀਟਿੰਗ' ਦਾ ਮੰਚਨ









**ਬਠਿੰਡਾ, 08 ਅਕਤੂਬਰ (ਗੁਰਜੰਟ ਸਿੰਘ ਨਥੇਹਾ)**- ਬਲਵੰਤ ਗਾਰਗੀ ਆਡੀਟੋਰੀਅਮ ਬਠਿੰਡਾ ਵਿਖੇ ਸੱਭਿਆਚਾਰਕ ਮੰਤਰਾਲਾ ਭਾਰਤ ਸਰਕਾਰ, ਜ਼ਿਲ੍ਹਾ ਪ੍ਰਸ਼ਾਸਨ ਬਠਿੰਡਾ ਅਤੇ ਨਗਰ ਨਿਗਮ ਬਠਿੰਡਾ ਦੇ ਸਹਿਯੋਗ ਨਾਲ਼ ਚੱਲ ਰਹੇ 14ਵੇਂ ਨਾਟਿਅਮ ਨੈਸ਼ਨਲ ਥੀਏਟਰ ਫੈਸਟੀਵਲ ਦੇ ਬਾਰ੍ਹਵੇਂ ਦਿਨ ਵਿਅੰਗ ਭਰਪੂਰ ਨਾਟਕ 'ਏਕ ਔਰ ਮੀਟਿੰਗ' ਦੀ ਪੇਸ਼ਕਾਰੀ ਕੀਤੀ ਗਈ।ਜਯਵਰਧਨ ਵੱਲੋਂ ਲਿਖੇ ਇਸ ਨਾਟਕ ਨੂੰ ਥੀਏਟਰ ਫਾਰ ਥੀਏਟਰ ਚੰਡੀਗੜ੍ਹ ਦੀ ਟੀਮ ਨੇ ਕਰਨ ਚੌਹਾਨ ਦੇ ਨਿਰਦੇਸ਼ਨ ਹੇਠ ਖੇਡਿਆ। ਨਾਟਕ ਦੀ ਕਹਾਣੀ ਰਾਹੀਂ ਕਲਾ ਅਤੇ ਸੰਸਕ੍ਰਿਤੀ ਵਿਭਾਗ ਦੀ ਹਾਲਤ ਦਰਸਾਈ ਗਈ ਜਿਸ ਵਿੱਚ ਕਲਾ ਅਤੇ ਕਲਾਕਾਰ ਦੋਵੇਂ ਕਿਸ ਤਰ੍ਹਾਂ ਸਰਕਾਰੀ ਮੀਟਿੰਗਾਂ ਦੀ ਬਲੀ ਚੜ੍ਹਦੇ ਹਨ ਦੀ ਪੇਸ਼ਕਾਰੀ ਕੀਤੀ ਗਈ।ਅਜੋਕੇ ਸਮੇਂ ਵਿੱਚ ਸਰਕਾਰੀ ਵਿਭਾਗਾਂ ਦੇ ਮੀਟਿੰਗ ਕਲਚਰ 'ਤੇ ਚੋਟ ਕਰਦੇ ਇਸ ਨਾਟਕ ਦਾ ਦਰਸ਼ਕਾਂ ਨੇ ਖ਼ੂਬ ਅਨੰਦ ਮਾਣਿਆ। ਨਾਟ-ਉਤਸਵ ਦੇ ਬਾਰ੍ਹਵੇਂ ਦਿਨ ਸਤਿਕਾਰਿਤ ਮਹਿਮਾਨਾਂ ਵਜੋਂ ਸ. ਮਨਪ੍ਰੀਤ ਬਾਦਲ ਸਾਬਕਾ ਖ਼ਜ਼ਾਨਾ ਮੰਤਰੀ ਪੰਜਾਬ, ਸ਼੍ਰੀ ਡੀ.ਪੀ. ਗਰੀਨ ਸਿਟੀ ਸਕੁਏਅਰ, ਉੱਘੇ ਫਿਲਮ ਕਹਾਣੀਕਾਰ ਤੇ ਨਿਰਦੇਸ਼ਕ ਜੱਸ ਗਰੇਵਾਲ ਸਮੇਤ ਰੌਣਕ ਫਿਲਮ ਦੀ ਸਟਾਰ ਕਾਸਟ ਵਿੱਚੋਂ ਜੱਸੀ ਜਸਪ੍ਰੀਤ, ਅਰਵਿੰਦਰ ਕੌਰ, ਰਾਜਵਿੰਦਰ ਕੌਰ ਅਤੇ ਗਗਨਦੀਪ ਸਿੰਘ ਨੇ ਸ਼ਿਰਕਤ ਕੀਤੀ। ਇਨ੍ਹਾਂ ਵਿੱਚੋਂ ਜੱਸੀ ਜਸਪ੍ਰੀਤ ਅਤੇ ਗਗਨਦੀਪ ਸਿੰਘ ਨਾਟਿਅਮ ਪੰਜਾਬ ਥੀਏਟਰ ਗਰੁੱਪ ਦੇ ਪੁਰਾਣੇ ਰੰਗਕਰਮੀ ਵੀ ਰਹਿ ਚੁੱਕੇ ਹਨ। ਨਾਟਿਅਮ ਪੰਜਾਬ ਦੇ ਪ੍ਰਧਾਨ ਸੁਰਿੰਦਰ ਕੌਰ ਅਤੇ ਈਵੈਂਟ ਕੋਆਰਡੀਨੇਟਰ ਗੁਰਨੂਰ ਸਿੰਘ ਨੇ ਸਾਂਝੇ ਤੌਰ 'ਤੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤੀ ਅਤੇ ਉਨ੍ਹਾਂ ਨੂੰ ਸਨਮਾਨ ਚਿੰਨ੍ਹ ਭੇਂਟ ਕੀਤੇ । ਇਸ ਮੌਕੇ ਬੋਲਦਿਆਂ ਸ. ਮਨਪ੍ਰੀਤ ਬਾਦਲ ਨੇ ਕਿਹਾ ਕਿ ਉਹ ਇਸ ਆਡੀਟੋਰੀਅਮ ਵਿੱਚ ਆ ਕੇ ਮਾਣਮੱਤਾ ਮਹਿਸੂਸ ਕਰ ਰਹੇ ਹਨ ਕਿਉਂਕਿ ਕੀਰਤੀ ਕਿਰਪਾਲ ਅਤੇ ਨਾਟਿਅਮ ਪੰਜਾਬ ਟੀਮ ਦੇ ਯਤਨਾਂ ਸਦਕਾ ਹੀ ਉਨ੍ਹਾਂ ਇਸ ਆਡੀਟੋਰੀਅਮ ਲਈ ਖ਼ਜ਼ਾਨਾ ਮੰਤਰੀ ਰਹਿੰਦੇ ਸਮੇਂ ਫੰਡ ਜਾਰੀ ਕੀਤੇ ਸਨ। ਜੱਸ ਗਰੇਵਾਲ ਨੇ ਕਿਹਾ ਕਿ ਉਹ ਦੂਜੀ ਵਾਰ ਇਸ ਨਾਟ-ਉਤਸਵ ਵਿੱਚ ਆਏ ਹਨ ਅਤੇ ਫਿਲਮਾਂ ਲਈ ਨਰਸਰੀ ਦਾ ਕੰਮ ਕਰ ਰਹੇ ਥੀਏਟਰ ਗਰੁੱਪਾਂ ਨੂੰ ਉਹ ਸਲਾਮ ਪੇਸ਼ ਕਰਦੇ ਹਨ। ਇਸ ਤੋਂ ਬਾਅਦ ਜੱਸੀ ਜਸਪ੍ਰੀਤ ਨੇ ਫਿਲਮ ਰੌਣਕ ਬਾਰੇ ਦੱਸਿਆ ਅਤੇ ਮੰਚ 'ਤੇ ਮੌਜੂਦ ਫਿਲਮ ਦੀ ਕਾਸਟ ਨਾਲ ਜਾਣ-ਪਹਿਚਾਣ ਕਰਵਾਈ। ਇਸ ਦੌਰਾਨ ਸਟੈਂਡ-ਅੱਪ ਕਮੇਡੀਅਨ ਜਗ ਪਰਮਪ੍ਰੀਤ ਸਿੰਘ ਨੇ ਆਪਣੇ ਕਮੇਡੀ ਦੇ ਫ਼ਨ ਦਾ ਮੁਜ਼ਾਹਰਾ ਕੀਤਾ। ਅੰਤ ਵਿੱਚ ਟੀਮ ਨਾਟਿਅਮ ਟੀਮ ਡਾਇਰੈਕਟਰ ਕੀਰਤੀ ਕਿਰਪਾਲ ਅਤੇ ਡਾ. ਕਸ਼ਿਸ਼ ਗੁਪਤਾ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਮੰਚ ਸੰਚਾਲਕ ਦੀ ਭੂਮਿਕਾ ਡਾ. ਸੰਦੀਪ ਸਿੰਘ ਮੋਹਲਾਂ ਅਤੇ ਸ਼੍ਰੀ ਗੁਰਮੀਤ ਧੀਮਾਨ ਨੇ ਸਾਂਝੇ ਰੂਪ 'ਚ ਨਿਭਾਈ। ਇਸ ਦੌਰਾਨ ਨਾਟਿਅਮ ਸਰਪ੍ਰਸਤ ਸ਼੍ਰੀ ਸੁਦਰਸ਼ਨ ਗਰਗ, ਸ਼੍ਰੀ ਨੀਰਜ ਸਿੰਗਲਾ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਸ਼੍ਰੀ ਮੁਕਤਸਰ ਸਾਹਿਬ, ਸ. ਗੁਰਿੰਦਰਪਾਲ ਸਿੰਘ ਬਰਾੜ ਰਜਿਸਟਰਾਰ ਐਮ.ਆਰ.ਐਸ.ਪੀ.ਟੀ.ਯੂ ਬਠਿੰਡਾ, ਮਮਤਾ ਖੁਰਾਣਾ ਸੇਠੀ ਡੀ.ਈ.ਓ. ਸੈਕੰਡਰੀ ਬਠਿੰਡਾ, ਸਿਲਵਰ ਓਕਸ ਸਕੂਲ ਦੇ ਡਾਇਰੈਕਟਰ ਮੈਡਮ ਮਾਲਵਿੰਦਰ ਕੌਰ, ਪ੍ਰਿੰਸੀਪਲ ਨੀਲਮ ਵਰਮਾ, ਪ੍ਰਿੰਸੀਪਲ ਜਸਵਿੰਦਰ ਸੰਧੂ, ਪ੍ਰਿੰਸੀਪਲ ਜਸਪਾਲ ਰੋਮਾਣਾ, ਸਮੂਹ ਅਦਾਕਾਰ ਨਾਟਿਅਮ ਗਰੁੱਪ ਤੋਂ ਇਲਾਵਾ ਸ਼ਹਿਰ ਦੀਆਂ ਪ੍ਰਮੁੱਖ ਸਾਹਿਤਕ ਹਸਤੀਆਂ ਮੌਜੂਦ ਸਨ।

**ਸਰਕਾਰੀ ਵਿਭਾਗ ਵੱਲੋਂ ਬੇ-ਨਤੀਜਾ ਮੀਟਿੰਗਾ ਦੀ ਬਲੀ ਚੜ੍ਹ ਰਹੀ ਕਲਾ 'ਤੇ ਕੀਤੀ ਚੋਟ**

ਆਵਾਜ਼ਿ ਕੌਮ AWAZE QAUM International Newspaper & WEB TV

# ਹੁਣ ਤੁੱਕੇ ਨਾਲ ਨਹੀਂ ਬਣ ਸਕਣਗੇ ਡ੍ਰਾਈਵਿੰਗ ਲਾਇਸੈਂਸ ਜੈ ਸਿੰਘ









**ਧੂਰੀ ( ਰਣਜੀਤ ਸਿੰਘ ਪੇਧਨੀ )**-ਜ਼ਿਲ੍ਹਾ ਸੰਗਰੂਰ ਦੇ ਪਿੰਡ ਕੱਕੜਵਾਲ ਨਾਲ ਸਬੰਧਤ ਇੱਕ ਮਸ਼ਹੂਰ ਕਾਰੋਬਾਰੀ "ਜੈ ਸਿੰਘ" ਇੱਕ ਇਲੈਕਟ੍ਰਿਕ ਪੈਨਲ ਬਣਾਉਣ ਵਾਲੀ ਫੈਕਟਰੀ ਚਲਾਉਂਦੇ ਹਨ,ਜੈ ਸਿੰਘ ਆਪਣੀ ਫੈਕਟਰੀ ਵਿੱਚ ਇੱਕ ਇਲੈਕਟ੍ਰੀਕਲ ਟ੍ਰੇਨਿੰਗ ਸਕੂਲ ਵੀ ਚਲਾਉਂਦੇ ਹਨ,ਜੈ ਸਿੰਘ ਨੇ ਹੁਣ ਵਿਦਿਆਰਥੀਆਂ ਨੂੰ ਡਰਾਈਵਿੰਗ ਸਿਖਾਉਣ ਲਈ ਫੈਕਟਰੀ ਵਿੱਚ ਇੱਕ ਸਿਮੂਲੇਟਰ ਲਗਾਇਆ ਹੈ,ਜਿੱਥੇ ਫੈਕਟਰੀ ਵਿੱਚ ਕੰਮ ਕਰਦੇ ਮੁੰਡੇ ਕੁੜੀਆਂ ਡਰਾਈਵਿੰਗ ਦਾ ਅਭਿਆਸ ਕਰਦੇ ਹਨ,"ਜੈ ਸਿੰਘ" ਜੀ ਕਹਿੰਦੇ ਹਨ ਕਿ ਅੱਜਕੱਲ੍ਹ ਡਰਾਈਵਿੰਗ ਲਾਇਸੈਂਸ ਟੈਸਟ ਸਿਰਫ਼ ਸਿਮੂਲੇਟਰਾਂ 'ਤੇ ਹੀ ਲਏ ਜਾਂਦੇ ਹਨ, ਇਸ ਲਈ ਉਸਨੇ ਇਸਨੂੰ ਆਪਣੀ ਫੈਕਟਰੀ ਵਿੱਚ ਲਗਾਉਣ ਦਾ ਫੈਸਲਾ ਕੀਤਾ ਹੈ,ਜੋ ਕਿ ਇੱਕ ਵਧੀਆ ਫੈਸਲਾ ਹੈ, ਫੈਕਟਰੀ ਵਿੱਚ ਕੰਮ ਸਿੱਖਦੇ ਵਿਦਿਆਰਥੀ ਕੰਮ ਸਿੱਖਣ ਦੇ ਨਾਲ ਨਾਲ ਡ੍ਰਾਈਵਿੰਗ ਦੇ ਗੁਣ ਵੀ ਸਿੱਖਣਗੇ ਜੋ ਕਿ ਇੱਕ ਵਧੀਆ ਫੈਸਲਾ ਹੈ,ਇਸ ਨਾਲ ਡ੍ਰਾਈਵਰੀ ਕਰਦੇ ਹੋਏ ਹਾਦਸਿਆਂ ਤੋ ਬਚਿਆ ਜਾਏਗਾ ਅਤੇ ਕੀਮਤੀ ਜਾਨਾਂ ਬਚ ਜਾਣਗੀਆਂ,ਜਿਸ ਹਿਸਾਬ ਨਾਲ ਰੋਜ਼ਾਨਾ ਭਾਰਤੀ ਸੜਕਾਂ ਤੇ ਦੁਰਘਟਨਾਵਾਂ ਵਾਪਰਨ ਨਾਲ ਮੌਤਾਂ ਹੋ ਰਹੀਆਂ ਹਨ ਉਸਦੇ ਮੱਦੇ ਨਜ਼ਰ ਇਹ ਇੱਕ ਵਧੀਆ ਉਪਰਾਲਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

# ਸਰਕਿਟ ਸਾਰਟ ਹੋਣ ਨਾਲ ਲੱਗੀ ਘਰ ਨੂੰ ਅੱਗ,ਕੈਬਨਿਟ ਮੰਤਰੀ ਸ੍ਰ: ਈ.ਟੀ.ਓ ਨੇ ਜਾਣਿਆਂ ਹਾਲਚਾਲ

## ਸਰਕਾਰ ਵੱਲੋਂ ਬਣਦੀ ਮਾਲੀ ਸਹਾਇਤਾ ਦਿੱਤੀ ਜਾਵੇਗੀ ਈ.ਟੀ.ਓ



**ਜੰਡਿਆਲਾ ਗੁਰੂ, 8 ਅਕਤੂਬਰ ( ਕੁਲਵੰਤ ਸਿੰਘ ਵਿਰਦੀ)**-ਅੱਜ ਸ਼ੇਰ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਮਕਾਨ ਨੰ:2881 ਗਲੀ ਕਸਾਈਆਂ ਵਾਲੀ, ਪੁਰਾਣਾ ਗੇਟ, ਜੰਡਿਆਲਾ ਗੁਰੂ, ਤਹਿਸੀਲ ਤੇ ਜਿਲ੍ਹਾ ਅੰਮ੍ਰਿਤਸਰ ਨੇ ਦੱਸਿਆ ਕਿ ਦਾ ਬੀਤੇ ਦਿਨ ਮਿਤੀ:03/10/2025 ਨੂੰ ਸਮਾਂ ਕਰੀਬ ਰਾਤ 8:00 ਦੇ ਕਰੀਬ ਮੇਰੇ ਘਰ ਵਿੱਚ ਬਿਜਲੀ ਦੇ ਸਰਕਿਟ ਸ਼ੋਰਟ ਕਾਰਨ ਬਹੁਤ ਭਿਆਨਕ ਅੱਗ ਲੱਗ ਗਈ ਜਿਸਦੇ ਮੈਂ ਜਿਸ ਵਿੱਚ ਮੈਂ ਤੇ ਮੇਰੇ ਪਰਿਵਾਰ ਨੇ ਕਿਸੇ ਨਾ ਕਿਸੇ ਤਰੀਕੇ ਆਪਣੀ ਜਾਨ ਬਚਾਈ ਅਤੇ ਕੁੱਝ ਸਮੇਂ ਵਿੱਚ ਹੀ ਫਾਇਰ ਬਰੀਗੇਡ ਗੱਡੀਆਂ ਪਹੁੰਚ ਗਈਆ ਅਤੇ ਫਾਇਰ ਬ੍ਰਿਗੇਡ ਵੱਲੋਂ ਅੱਗ ਬੁਝਾਉਣ ਵਿੱਚ ਸਾਡੀ ਮਦਦ ਕੀਤੀ ਗਈ ।ਅੱਗ ਇੰਨੀ ਭਿਆਨਕ ਸੀ ਕਿ ਫਾਇਰ ਬ੍ਰੀਗੇਡ ਦੀਆਂ ਵੀ 2-3 ਗੱਡੀਆ ਨੇ ਜੱਦੋ ਜਹਿਦ ਨਾਲ ਅੱਗ ਤੇ ਕਾਬੂ ਪਾਇਆ । ਇਸ ਅੱਗ ਵਿੱਚ ਸਾਡਾ ਸਾਰਾ ਘਰ ਦਾ ਸਾਮਾਨ ਸੜ ਕਿ ਸਵਾਹ ਹੋ ਗਿਆ ਸਿਰਫ ਸਾਡੇ ਤੰਨ ਤੇ ਪਾਏ ਕੱਪੜੇ ਹੀ ਬਚੇ ਹਨ ।ਅੱਗੇ ਉਨਾਂ ਕਿਹਾ ਕਿ ਕਮਰੇ ਵਿੱਚ ਪਈ ਹੋਈ ਅਲਮਾਰੀ ਜਿਸਦੇ ਵਿੱਚ ਸਾਰੇ ਜਰੂਰੀ ਦਸਤਾਵੇਜ ਮੇਰੇ ਅਤੇ ਮੇਰੀ ਪਤਨੀ ਦਾ ਪਾਸਪੋਰਟ ਅਤੇ ਹੋਰ ਸਾਰੇ ਜਰੂਰੀ ਆਈ.ਡੀ ਪਰੂਫ ਅਤੇ 50,000/-ਰੁਪਏ ਨਕਦ ਅਤੇ 8 ਤੋਲੇ ਸੋਨਾ ਸੀ ਸਾਰੇ ਕੱਪੜੇ ਲੀੜੇ ਮੇਰੇ ਪਤਨੀ ਦਵਿੰਦਰ ਕੌਰ ਕੈਂਸਰ ਤੋ ਪੀੜਤ ਹਨ ਅਤੇ ਦਿਲ ਦੇ ਮਰੀਜ ਹਨ ਅਤੇ ਉਹਨਾ ਦੀ ਦਵਾਈ ਚਲਦੀ ਹੈ ਅਤੇ ਉਹਨਾ ਦੀਆਂ ਕਾਫੀ ਮਹਿੰਗੀਆਂ ਦਵਾਈਆ ਅਤੇ ਟੈਸਟ ਰਿਪੋਰਟਾਂ ਆਦਿ ਘਰ ਦਾ ਸਾਰਾ ਸਮਾਨ ਸੜ ਕਿ ਸਵਾਹ ਹੋ ਗਿਆ ! ਇਸ ਘਟਨਾ ਬਾਰੇ ਸੁਣਦਿਆਂ ਹੀ ਕੈਬਨਿਟ ਮੰਤਰੀ ਸ੍ਰ ਹਰਭਜਨ ਸਿੰਘ ਈ.ਟੀ.ਓ ਇਸ ਘਰ ਵਿੱਚ ਪਹੁੰਚੇ ਸ੍ਰ ਈ.ਟੀ.ਓ ਨੇ ਪਰਿਵਾਰ ਨੂੰ ਹੌਂਸਲਾ ਦਿੰਦਿਆਂ ਹੋਇਆਂ ਕਿਹਾ ਐਸੀਆਂ ਘਟਨਾਵਾਂ ਹੋ ਜਾਣੀਆਂ ਬਹੁਤ ਹੀ ਦਰਦਨਾਕ ਹੁੰਦੀਆਂ ਹਨ ਕਿਉਂਕਿ ਇਸ ਅੱਗ ਲੱਗਣ ਕਾਰਨ ਘਰ ਦਾ ਕੋਈ ਵੀ ਸਮਾਨ ਨਹੀਂ ਬਚਿਆ ਸ੍ਰ ਈ.ਟੀ.ਓ ਨੇ ਹੌਂਸਲਾ ਦਿੰਦਿਆਂ ਵਿਸਵਾਸ਼ ਦਿਵਾਇਆ ਕਿ ਸਰਕਾਰ ਵੱਲੋਂ ਵੱਧ ਤੋਂ ਵੱਧ ਬਣਦੀ ਮਾਲੀ ਸਹਾਇਤਾ ਦਿੱਤੀ ਜਾਵੇਗੀ !

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਸੁਖਵਿੰਦਰ ਸਿੰਘ ਕਲਕੱਤਾ ਦੀ ਸ਼ਹਾਦਤ 'ਤੇ

# ਮਿਸਲ ਸਤਲੁਜ ਵੱਲੋਂ ਪਰਿਵਾਰ ਨਾਲ ਦੁੱਖ ਸਾਂਝਾ






**ਸਹਿਣਾ (ਪੰਜਾਬ)** - ਪੰਜਾਬ ਦੇ ਇਿੰਨਕਲਾਬੀ ਨੌਜਵਾਨਾਂ ਦੀ ਲੜੀ ਵਿੱਚ ਇਕ ਹੋਰ ਨਾਮ ਸੁਖਵਿੰਦਰ ਸਿੰਘ ਕਲਕੱਤਾ ਪਿੰਡ ਸਹਿਣਾ ਦਾ ਜੁੜ ਗਿਆ ਹੈ। ਮੰਨਿਆ ਜਾ ਰਿਹਾ ਹੈ ਕਿ ਉਹ ਪੰਜਾਬ ਦੀ "ਇੰਨਕਲਾਬੀ ਸਰਕਾਰ" ਦੀ ਸੌੜੀ ਸਿਆਸਤ ਦਾ ਸ਼ਿਕਾਰ ਬਣ ਗਿਆ। ਪਹਿਲਾਂ ਜਿਵੇਂ ਦੀਪ ਸਿੱਧੂ, ਸਿੱਧੂ ਮੂਸੇਵਾਲਾ ਤੇ ਸੰਦੀਪ ਨੰਗਲ ਅੰਬੀਆਂ ਵਰਗੇ ਸੂਰਮੇ ਆਪਣੀ ਆਵਾਜ਼ ਬੁਲੰਦ ਕਰਦੇ ਹੋਏ ਸ਼ਹੀਦ ਹੋਏ ਸਨ, ਉਸੇ ਤਰ੍ਹਾਂ ਹੁਣ ਸੁਖਵਿੰਦਰ ਸਿੰਘ ਦੀ ਮੌਤ ਨੇ ਸੂਬੇ ਦੀ ਸਿਆਸੀ ਸੱਚਾਈ ਤੇ ਫਿਰ ਸਵਾਲ ਖੜ੍ਹੇ ਕਰ ਦਿੱਤੇ ਹਨ। ਅੱਜ ਮਿਸਲ ਸਤਲੁਜ ਵੱਲੋਂ ਪ੍ਰਧਾਨ ਸ੍ਰ. ਅਜੈਪਾਲ ਸਿੰਘ ਬਰਾੜ ਜੀ ਦੀ ਅਗਵਾਈ ਹੇਠ ਇਕ ਜਥਾ ਸੁਖਵਿੰਦਰ ਸਿੰਘ ਕਲਕੱਤਾ ਦੇ ਪਰਿਵਾਰ ਨਾਲ ਮਿਲਿਆ ਅਤੇ ਉਨ੍ਹਾਂ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ ਜਰਨਲ ਸਕੱਤਰ ਸ੍ਰ. ਦਵਿੰਦਰ ਸਿੰਘ ਸੇਖੋਂ, ਯੂਥ ਪ੍ਰਧਾਨ ਸ੍ਰ. ਗਗਨਦੀਪ ਸਿੰਘ ਭਗਤਾ ਭਾਈ, ਯੂਥ ਸਕੱਤਰ ਸ੍ਰ. ਹਰਦੀਪ ਸਿੰਘ ਡੋਡ, ਸ੍ਰ. ਰਣਪਿੰਦਰਜੀਤ ਸਿੰਘ ਗੋਲਡੀ, ਸ੍ਰ. ਸਰਬਜੀਤ ਸਿੰਘ ਕੋਟ ਕ੍ਰੋੜ, ਸ੍ਰ. ਹਰਜੀਤ ਸਿੰਘ ਖਿਜ਼ਰਾਬਾਦ ਸਮੇਤ ਹੋਰ ਸਿੰਘ ਹਾਜ਼ਰ ਰਹੇ।

ਇਸ ਮੌਕੇ ਮਿਸਲ ਸਤਲੁਜ ਵੱਲੋਂ ਕਿਹਾ ਗਿਆ ਕਿ ਪੰਜਾਬ ਦੇ ਨੌਜਵਾਨਾਂ ਨੂੰ ਸਿਆਸੀ ਖੇਡਾਂ ਦੀ ਭੇਂਟ ਚੜ੍ਹਾਉਣਾ ਸੂਬੇ ਲਈ ਘਾਤਕ ਹੈ। ਨੌਜਵਾਨਾਂ ਦੀ ਕੁਰਬਾਨੀ ਨੂੰ ਵਿਅਰਥ ਨਹੀਂ ਜਾਣ ਦਿੱਤਾ ਜਾਵੇਗਾ ਅਤੇ ਪੰਥਕ ਪੱਧਰ 'ਤੇ ਨਿਆਂ ਲਈ ਲੜਾਈ ਜਾਰੀ ਰਹੇਗੀ। ਮਿਸਲ ਸਤਲੁਜ ਨੇ ਪੰਜਾਬ ਸਰਕਾਰ ਨੂੰ ਸਖ਼ਤ ਸ਼ਬਦਾਂ ਵਿੱਚ ਚੇਤਾਵਨੀ ਦਿੰਦਿਆਂ ਕਿਹਾ ਕਿ ਨੌਜਵਾਨਾਂ ਦੀਆਂ ਆਵਾਜ਼ਾਂ ਨੂੰ ਦਬਾਉਣ ਦੀ ਕੋਸ਼ਿਸ਼ ਹੁਣ ਹੋਰ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਆਵਾਜ਼ਿ ਕੌਮ AWAZE QAUM International Newspaper & WEB TV

### ਅਖੰਡ ਕੀਰਤਨੀ ਜੱਥੇ ਵਲੋਂ ਦਿੱਲੀ ਵਿਖੇ

# ਸਾਲਾਨਾ ਸਮਾਗਮ ਚੜ੍ਹਦੀਕਲਾ ਨਾਲ ਸੰਪੂਰਨ

**ਨਵੀਂ ਦਿੱਲੀ 8 ਅਕਤੂਬਰ (ਮਨਪ੍ਰੀਤ ਸਿੰਘ ਖਾਲਸਾ):-** ਸਿੱਖ ਪੰਥ ਦੀ ਸਿਰਮੌਰ ਜਥੇਬੰਦੀ ਅਖੰਡ ਕੀਰਤਨੀ ਜੱਥਾ (ਦਿੱਲੀ) ਦਾ ਸਾਲਾਨਾ ਅਖੰਡ ਕੀਰਤਨ ਸਮਾਗਮ ਚੜ੍ਹਦੀਕਲਾ ਨਾਲ ਸਮਾਪਤ ਹੋਇਆ । ਜਿਕਰਯੋਗ ਹੈ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੁਸਹਿਰੇ ਦੀਆਂ ਛੁਟੀਆਂ ਵਿਚ ਦਿੱਲੀ ਸੰਗਤਾਂ ਨੂੰ ਗੁਰਬਾਣੀ ਅਤੇ ਸਿੱਖ ਇਤਿਹਾਸ ਨਾਲ ਜੋੜਨ ਲਈ ਦਿੱਲੀ ਦੇ ਵੱਖ ਵੱਖ ਇਤਿਹਾਸਿਕ ਗੁਰਦੁਆਰਿਆਂ ਅੰਦਰ ਕੀਰਤਨੀ ਅਖਾੜੇ ਸਜਾਂਦੇ ਹੁੰਦੇ ਸਨ । ਇਸ ਵਾਰ ਵੀਂ ਇਹ ਸਮਾਗਮ 1 ਅਕਤੂਬਰ ਤੋਂ ਲੈ ਕੇ 5 ਅਕਤੂਬਰ ਤਕ ਚਲਿਆ ਸੀ । ਬਾਹਰੋਂ ਆਣ ਵਾਲੀਆਂ ਸੰਗਤਾਂ ਦੀ ਰਿਹਾਇਸ਼ ਅਤੇ ਲੰਗਰ ਦਾ ਇੰਤਜਾਮ ਖਾਲਸਾ ਸਕੂਲ ਦੇਵ ਨਗਰ ਵਿਖੇ ਹੋਇਆ ਸੀ । ਸਮਾਗਮ ਅੰਦਰ ਦੇਸ਼ ਵਿਦੇਸ਼ ਤੋਂ ਸੰਗਤਾਂ ਅਤੇ ਕੀਰਤਨੀਆਂ ਨੇ ਹਾਜ਼ਿਰੀ ਭਰੀ ਸੀ । ਗੁਰਦੁਆਰਾ ਸੀਸ ਗੰਜ ਸਾਹਿਬ, ਗੁਰਦੁਆਰਾ ਬੰਗਲਾ ਸਾਹਿਬ, ਗੁਰਦੁਆਰਾ ਨਾਨਕ ਪਿਆਓ ਸਾਹਿਬ, ਗੁਰਦੁਆਰਾ ਸਿੰਘ ਸਭਾ ਕਰੋਲ ਬਾਗ਼ ਵਿਖੇ ਸਵੇਰੇ ਅਤੇ ਸ਼ਾਮ ਨੂੰ ਕੀਰਤਨੀ ਦਿਵਾਨ ਸਜਾਏ ਗਏ ਸਨ । ਸਮਾਗਮ ਦੀ ਸਮਾਪਤੀ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਕੀਰਤਨ ਰੈਣ ਸਬਾਈ ਨਾਲ ਹੋਈ ਸੀ ਜਿਸ ਵਿਚ ਬਹੁਤ ਵੱਡੀ ਗਿਣਤੀ ਅੰਦਰ ਸੰਗਤਾਂ ਨੇ ਹਾਜ਼ਿਰੀ ਭਰ ਕੇ ਗੁਰੂ ਜਸ ਦਾ ਲਾਹਾ ਲਿਆ ਸੀ । ਸਾਲਾਨਾ ਸਮਾਗਮ ਵਿਚ ਪੰਜਾਬ ਅੰਦਰ ਆਈ ਭਿਆਨਕ ਹੜ ਨੂੰ ਦੇਖਦਿਆਂ ਪ੍ਰਬੰਧਕਾਂ ਵਲੋਂ ਸਾਦੇ ਲੰਗਰ ਦਾ ਪ੍ਰਬੰਧ ਕੀਤਾ ਗਿਆ ਸੀ ਜਿਸ ਵਿਚ ਸੰਗਤਾਂ ਵਲੋਂ ਭਰਵਾਂ ਸਾਹਿਯੋਗ ਦਿੱਤਾ ਗਿਆ ਸੀ । ਦੇਵ ਨਗਰ ਵਿਖ਼ੇ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ ਲਈ ਵਿਸ਼ੇਸ਼ ਗੁਰਬਾਣੀ ਪ੍ਰਤੀਯੋਗਿਤਾ ਕਰਵਾਈ ਗਈ ਸੀ ਜਿਸ ਵਿਚ ਹਿੱਸਾ ਲੈਣ ਵਾਲੇ ਬੱਚਿਆਂ ਨੂੰ ਵੱਖ ਵੱਖ ਇਨਾਮਾਂ ਨਾਲ ਸਨਮਾਨਿਤ ਕੀਤਾ ਗਿਆ ਸੀ। ਸਮਾਗਮ ਦੌਰਾਨ ਦੇਖਣ ਨੂੰ ਮਿਲਿਆ ਕਿ ਕੁਝ ਸਿੰਘ ਜੋ ਦੇਗ ਦੀ ਸੇਵਾ ਕਰ ਰਹੇ ਸਨ ਓਹ ਆਪਣੇ ਨਾਲ ਵਡੀ ਗਿਣਤੀ ਵਿਚ ਸਿੰਘਾਂ ਨੂੰ ਨਾਲ ਲੈ ਕੇ ਵਿਚਰਦੇ ਰਹੇ ਪਰ ਲੰਗਰ ਦੀ ਸੇਵਾ ਵਿਚ ਜਿੱਥੇ ਸੇਵਾਦਾਰਾਂ ਦੀ ਸਖ਼ਤ ਲੋੜ ਸੀ ਓਸ ਪਾਸਿਓਂ ਮੂੰਹ ਮੋੜ ਕੇ ਘੁੰਮਣ ਵਿਚ ਮਸ਼ਰੂਫ ਰਹੇ ਸਨ ਜਿਸ ਬਾਰੇ ਸੰਗਤਾਂ ਵਿਚ ਇਹ ਚਰਚਾ ਦਾ ਵਿਸ਼ਾ ਬਣਿਆ ਰਿਹਾ ਸੀ । ਸਮਾਗਮ ਦੀ ਸਮਾਪਤੀ ਤੇ ਪ੍ਰਬੰਧਕਾਂ ਵਲੋਂ ਦੇਸ਼ ਵਿਦੇਸ਼ ਤੋਂ ਹਾਜ਼ਿਰੀ ਭਰਣ ਵਾਲੀ ਸੰਗਤਾਂ, ਕੀਰਤਨੀ ਸਿੰਘ ਸਿੰਘਣੀਆਂ, ਭੁਜੰਗੀਆਂ ਦਾ ਧੰਨਵਾਦ ਕੀਤਾ ਗਿਆ ਅਤੇ ਸਮਾਗਮ ਦੌਰਾਨ ਕਿਸੇ ਕਿਸਮ ਦੀ ਤਰੁਟੀ ਰਹਿਣ ਦੇ ਖਿਮਾ ਜਾਚਨਾ ਕੀਤੀ ਗਈ।



ਆਵਾਜ਼ਿ ਕੌਮ AWAZE QAUM International Newspaper & WEB TV

# ਪੰਥ ਨੇ ਪੰਜਾਬ ਦੀ ਅਣਖ ਦੇ ਯੋਧੇ ਸੰਨੀ ਦੇ ਭਰਾ ਮਨਦੀਪ ਸਿੰਘ ਦੇ ਸਿਰ ਉਪਰ ਹੱਥ ਰੱਖ ਦਿੱਤਾ



**ਤਰਨ-ਤਾਰਨ, 8 ਅਕਤੂਬਰ (ਆਵਾਜ਼ਿ ਕੌਮ ਬਿਊਰੋ)-ਮਝੈਲ** ਹਮੇਸ਼ਾ ਮੇਰੇ ਪਾਸੰਦੀ ਦੇ ਯਾਰ ਰਹੇ ਹਨ ,ਇਹ ਵੱਖਰੀ ਗੱਲ ਹੈ ਕਿ ਪੂਰੀ ਲਹਿਰ ਦੌਰਾਨ ਮੇਰਾ ਮਝੈਲਾਂ ਨਾਲ ਇੱਟ ਖੜੱਕਾ ਵੀ ਰਿਹਾ ਹੈ ।ਸਿੱਖ ਇਤਿਹਾਸ ਵਿੱਚ ਮਝੈਲਾਂ ਨੇ ਬਣੇ ਮਾਣਮੱਤੇ ਚੈਪਟਰ ਲਿਖੇ ਹਨ । ਮਝੈਲ ਇਤਿਹਾਸ ਵਿੱਚ ਅਨੇਕਾਂ ਵਾਰ ਪੰਥ ਦੀ ਡਗਮਗਾਉਂਦੀ ਬੇੜੀ ਨੂੰ ਕੰਢੇ ਲਾਉਣ ਲਈ ਆਪਣੇ ਜਜ਼ਬੇ ਅਤੇ ਲਹੂ ਦੇ ਦਰਿਆ ਬਣ ਕੇ ਵਗੇ ਹਨ ।ਮਝੈਲਾਂ ਸਾਹਮਣੇ ਇੱਕ ਵਾਰ ਫਿਰ ਪੰਥ ਦੀ ਡਾਵਾਂਡੋਲ ਕਿਸ਼ਤੀ ਨੂੰ ਕੰਢੇ ਲਾਉਣ ਦਾ ਇਮਤਿਹਾਨ ਆ ਪਟਕਿਆ ਹੈ ।ਤਰਨਤਾਰਨ ਦੀ ਜ਼ਿਮਨੀ ਚੋਣ ਦੇ ਜਿੱਤ -ਹਾਰ ਦੇ ਨਤੀਜੇ ਦੀ ਮਹੱਤਤਾ ਇੱਕ ਚੋਣ ਹਲਕੇ ਨਾਲੋ ਵੱਧਕੇ ਪੰਜਾਬ ਦੇ ਰਾਜਸੀ ਇਤਿਹਾਸ ਵਿੱਚ ਇੱਕ ਮਹੱਤਵਪੂਰਨ ਮੋੜਾ ਸਾਬਤ ਹੋ ਸਕਦੀ ਹੈ । ਪੰਥ ਨੇ ਪੰਜਾਬ ਦੀ ਅਣਖ ਦੇ ਯੋਧੇ ਸੰਨੀ ਦੇ ਭਰਾ ਮਨਦੀਪ ਸਿੰਘ ਦੇ ਸਿਰ ਉਪਰ ਹੱਥ ਰੱਖ ਦਿੱਤਾ ਹੈ ,ਹੁਣ ਦੇਖਣਾ ਇਹ ਹੈ ਕਿ ਮਝੈਲ ਪੰਥ ਦੇ ਇਸ ਹੁਕਮ ਦੀ ਪਾਲਣਾ ਕਰ ਪਾਉਣਗੇ ਕਿ ਨਹੀ ? ਪੰਥ ਦੇ ਹੁਕਮ ਦੀ ਗੱਲ ਆਈ ਹੈ ਤਾਂ ਮੈ ਤੁਹਾਨੂੰ ਆਪਣੀ ਇੱਕ ਹੱਡ ਬੀਤੀ ਸੁਣਾਉਦਾ ਹਾਂ ।ਲਹਿਰ ਦੌਰਾਨ ਇੱਕ ਵਾਰ ਮੇਰੇ ਸੁੱਚੇ ਕਾਮਰੇਡ ਦੋਸਤ ਨੇ ਮੈਨੂੰ ਸਵਾਲ ਕੀਤਾ ," ਅਮਰੀਕ ਲਹਿਰ ਦੀਆਂ ਨੀਤੀਆਂ ਅਤੇ ਅਨੇਕਾਂ ਕਾਰਵਾਈਆਂ ਨਾਲ ਤੇਰੀਆਂ ਕਈ ਅਸਹਿਮਤੀਆਂ ਹਨ ,ਪਰ ਫਿਰ ਵੀ ਤੂੰ ਹਰ ਪਾਸੇ ਮਰਨ ਲਈ ਸਿਰ ਡਾਹੀ ਰੱਖਦਾ"। ਮੇਰਾ ਜਵਾਬ ਸੀ ,"ਕਾਮਰੇਡਾਂ ਪੰਥ ਦਾ ਹੁਕਮ ਪੁਗਾ ਰਹੇ ਹਾਂ" ।ਮੇਰਾ ਜਵਾਬ ਸੁਣ ਕੇ ਉਸਨੇ ਚਿੜ ਕੇ ਕਿਹਾ ਕਿ ," ਕਿਹੜਾ ਪੰਥ " ।ਮੈ ਜਵਾਬ ਦਿੱਤਾ," ਕਾਮਰੇਡਾ ਤੇਰੀਆਂ ਅੱਖਾਂ ਉਸ ਅਦਿਖਦੇ ਪੰਥ ਨੂੰ ਦੇਖਣ ਵਿੱਚ ਅਸਮਰਥ ਹਨ,ਜੋ ਗੁਰੂ ਦੀਆਂ ਬਰਕਤਾਂ ਅਤੇ ਇਤਿਹਾਸ ਬਣ ਕੇ ਸਾਡੇ ਆਸ ਪਾਸ ਦਰਿਆ ਬਣ ਕੇ ਵੱਗ ਰਿਹਾ ਹੈ,ਇਸ ਦਰਿਆ ਦਾ ਵੇਗ ਸਾਨੂੰ ਵਹਾਈ ਜਾ ਰਿਹਾ ਹੈ ,ਹੁਣ ਤਾਂ ਉਸ ਦੀ ਬਖਸ਼ਿਸ਼ ਨਾਲ ਹੀ ਕੰਢੇ ਲਗਾਂਗੇ " ।ਇਹ ਸੱਚ ਹੈ ਕਿ ਗੁਰੂ ਦੀ ਬਖਸ਼ਿਸ ਹੀ ਸਾਨੂੰ ਮੰਜ਼ਲ ਰੂਪੀ ਕਿਨਾਰਾ ਪ੍ਰਦਾਨ ਕਰੇਗੀ ,ਪਰ ਦੁਨਿਆਵੀ ਜਿੱਤਾਂ ਵੀ ਪੰਥ ਦੇ ਮਨੋਬਲ ਉੱਤੇ ਅਸਰ ਪਾਉਦੀਆਂ ਹਨ । ਆਪਣੇ ਮਝੈਲ ਯਾਰ ਸਿਰਦਾਰ ਜਸਵੰਤ ਸਿੰਘ ਖਾਲੜਾ ਨਾਲ ਮਾਝੇ ਅਤੇ ਮਾਲਵੇ ਦੇ ਇਤਿਹਾਸਕ ਕਰੈਕਟਰ ਬਾਰੇ ਮਖੌਲ ਕਰਦੇ ਹੋਏ ਅਸੀ ਮਝੈਲਾਂ ਬਾਰੇ ਗੰਭੀਰ ਟਿੱਪਣੀਆਂ ਕਰ ਜਾਂਦੇ ਸੀ ।ਇੱਕ ਵਾਰ ਮੈ ਮਜ਼ਾਕ ਕਰਦਿਆਂ ਖਾਲੜਾ ਸਾਹਿਬ ਨੂੰ ਕਿਹਾ ਕਿ "ਤੁਹਾਡਾ ਮਝੈਲਾਂ ਦਾ ਕਰੈਕਟਰ ਟਿਕਾਊ ਨਹੀ ,ਤੁਹਾਡਾ ਪਤਾ ਨਹੀ ਤੁਸੀ ਪਲ ਵਿੱਚ ਬਦਲ ਅਣਕਿਆਸੇ ਕਾਰੇ ਕਰ ਜਾਂਦੇ ਹੋ" ।ਖਾਲੜਾ ਸਾਹਿਬ ਨੇ ਮੇਰੀ ਹੀ ਗੱਲ ਵਿਚਕਾਰੋ ਫੜ ਕੇ ਮੈਨੂੰ ਕਿਹਾ ,"ਤੇਰੀ ਮਝੈਲਾਂ ਬਾਰੇ ਇਸ ਸਮਝ ਵਿੱਚ ਹੀ ਮਝੈਲਾਂ ਦੀ ਇਤਿਹਾਸਕ ਸ਼ਕਤੀ ਦਾ ਰਾਜ਼ ਛੁਪਿਆ ਹੈ ,ਹੁਕਮਰਾਨ ਮਝੈਲਾਂ ਦੇ ਇਸ ਸੁਭਾਅ ਤੋਂ ਹੀ ਖੌਫ ਖਾਂਦੇ ਹਨ " ।ਹੁਣ ਜਦੋਂ ਮੈਂ ਕਾਂਗਰਸੀ ਆਗੂ ਗੁਰਜੀਤ ਰਾਣੇ ਵੱਲੋਂ ਤਰਨਤਾਰਨ ਹਲਕੀ ਦੀ ਚੋਣ ਬਾਰੇ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਸਾਵਧਾਨ ਕੀਤਾ ਸੁਣਿਆ ਕਿ "ਅੰਮ੍ਰਿਤਪਾਲ ਫੈਕਟਰ ਚੱਲ ਸਕਦਾ " ਤਾਂ ਮੈਨੂੰ ਖਾਲੜਾ ਸਾਹਿਬ ਦੀ ਉਹ ਗੱਲ ਯਾਦ ਆਈ ਕਿ " ਸਰਕਾਰਾਂ ਸਾਥੋਂ ਤਾਂ ਹੀ ਡਰਦੀਆਂ ਅਸੀਂ ਅਣਕਿਆਸੇ ਕਾਰੇ ਕਰ ਸਕਦੇ ਹਾਂ " ।ਪੰਥ ਇੱਕ ਵਾਰ ਫਿਰ ਮਝੈਲਾਂ ਵਲੋ ਆਪਣੇ ਉਸ ਅਣਖੀਲੇ ਸੁਭਾਅ ਦੇ ਦੁਹਰਾਓ ਦੀ ਉਡੀਕ ਕਰ ਰਿਹਾ । ਸੱਚਾ ਪਾਤਸ਼ਾਹ ਆਪਣੀ ਪੰਥ ਅਤੇ ਖ਼ਾਲਸੇ ਦੇ ਬਿਰਦ ਦੀ ਆਪ ਲਾਜ ਰੱਖੇਗਾ।

ਆਵਾਜ਼ਿ ਕੌਮ AWAZE QAUM International Newspaper & WEB TV



-ਅਮਰੀਕ ਸਿੰਘ ਮੁਕਤਸਰ

# ਸਿੱਖ-ਪੰਜਾਬੀ ਭਾਈਚਾਰੇ ਨੇ ਨਵੀਂ ਮੁੰਬਈ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਨਾਂਦੇੜ ਲਈ ਸਿੱਧੀਆਂ ਉਡਾਣਾਂ ਦੀ ਮੰਗ: ਬਲ ਮਲਕੀਤ ਸਿੰਘ

**ਨਵੀਂ ਦਿੱਲੀ 8 ਅਕਤੂਬਰ (ਮਨਪ੍ਰੀਤ ਸਿੰਘ ਖਾਲਸਾ):-**ਨਵੀਂ ਮੁੰਬਈ ਅੰਤਰਰਾਸ਼ਟਰੀ ਹਵਾਈ ਅੱਡਾ ਜਲਦੀ ਹੀ ਕਾਰਜਸ਼ੀਲ ਹੋਣ ਲਈ ਤਿਆਰ ਹੈ। ਇਸ ਮੌਕੇ 'ਤੇ, ਮਹਾਰਾਸ਼ਟਰ ਦੇ ਸਿੱਖ-ਪੰਜਾਬੀ ਭਾਈਚਾਰੇ ਨੇ ਨਵੀਂ ਮੁੰਬਈ ਤੋਂ ਨਾਂਦੇੜ (ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਹਵਾਈ ਅੱਡਾ) ਲਈ ਸਿੱਧੀਆਂ ਉਡਾਣਾਂ ਦੀ ਸਥਾਪਨਾ ਦੀ ਜ਼ੋਰਦਾਰ ਅਪੀਲ ਕੀਤੀ ਹੈ। ਇਹ ਪ੍ਰਸਤਾਵ ਮਹਾਰਾਸ਼ਟਰ ਰਾਜ ਪੰਜਾਬੀ ਸਾਹਿਤ ਅਕੈਡਮੀ (ਮਹਾਰਾਸ਼ਟਰ ਸਰਕਾਰ) ਦੇ ਕਾਰਜਕਾਰੀ ਪ੍ਰਧਾਨ ਅਤੇ ਮਹਾਰਾਸ਼ਟਰ ਸਿੱਖ ਐਸੋਸੀਏਸ਼ਨ ਦੇ ਕਨਵੀਨਰ ਸਰਦਾਰ ਬਲ ਮਲਕੀਤ ਸਿੰਘ ਦੁਆਰਾ ਭਾਰਤ ਸਰਕਾਰ ਦੇ ਮਾਨਯੋਗ ਸਿਵਲ ਏਵੀਏਸ਼ਨ ਮੰਤਰੀ ਅਤੇ ਮਹਾਰਾਸ਼ਟਰ ਦੇ ਮਾਨਯੋਗ ਮੁੱਖ ਮੰਤਰੀ ਸ਼੍ਰੀ ਦੇਵੇਂਦਰ ਫੜਨਵੀਸ ਨੂੰ ਸੌਂਪਿਆ ਗਿਆ ਹੈ। ਭਾਈਚਾਰੇ ਨੇ ਨਾਂਦੇੜ ਦੇ ਧਾਰਮਿਕ, ਸੱਭਿਆਚਾਰਕ ਅਤੇ ਖੇਤਰੀ ਮਹੱਤਵ 'ਤੇ ਜ਼ੋਰ ਦਿੱਤਾ, ਇਹ ਨੋਟ ਕਰਦੇ ਹੋਏ ਕਿ ਇਹ ਸ਼ਹਿਰ ਸਿੱਖ ਧਰਮ ਦੇ ਪੰਜ ਤਖ਼ਤਾਂ ਵਿੱਚੋਂ ਇੱਕ ਤਖ਼ਤ ਸ਼੍ਰੀ ਹਜ਼ੂਰ ਸਾਹਿਬ ਦਾ ਪਵਿੱਤਰ ਸਥਾਨ ਹੈ। ਜਿਕਰਯੋਗ ਹੈ ਕਿ ਹਰ ਸਾਲ, ਲੱਖਾਂ ਸ਼ਰਧਾਲੂ ਹਜ਼ੂਰ ਸਾਹਿਬ ਦੇ ਦਰਸ਼ਨਾਂ ਲਈ ਨਾਂਦੇੜ ਆਉਂਦੇ ਹਨ। ਨਵੀਂ ਮੁੰਬਈ ਤੋਂ ਸਿੱਧੀ ਉਡਾਣ ਸ਼ੁਰੂ ਹੋਣ ਨਾਲ ਭਾਰਤ ਅਤੇ ਵਿਦੇਸ਼ਾਂ ਦੇ ਯਾਤਰੀਆਂ ਲਈ ਯਾਤਰਾ ਆਸਾਨ ਅਤੇ ਸੁਵਿਧਾਜਨਕ ਹੋ ਜਾਵੇਗੀ। ਬਲ ਮਲਕੀਤ ਸਿੰਘ ਮੁਤਾਬਿਕ ਇਹ ਪਹਿਲ ਗੁਰੂ ਨਾਨਕ ਨਾਮ ਲੇਵਾ ਸੰਗਤ ਦੀਆਂ ਧਾਰਮਿਕ, ਸਮਾਜਿਕ ਅਤੇ ਸੇਵਾ ਗਤੀਵਿਧੀਆਂ ਨੂੰ ਵੀ ਮਜ਼ਬੂਤ ਕਰੇਗੀ। ਬਿਹਤਰ ਹਵਾਈ ਸੰਪਰਕ ਮਰਾਠਵਾੜਾ ਖੇਤਰ ਵਿੱਚ ਸੈਰ-ਸਪਾਟਾ, ਆਰਥਿਕ ਵਿਕਾਸ ਅਤੇ ਸੱਭਿਆਚਾਰਕ ਆਦਾਨ-ਪ੍ਰਦਾਨ ਨੂੰ ਉਤਸ਼ਾਹਿਤ ਕਰੇਗਾ। ਬਲ ਮਲਕੀਤ ਸਿੰਘ ਨੇ ਕਿਹਾ ਕਿ ਨਵੀਂ ਮੁੰਬਈ ਅੰਤਰਰਾਸ਼ਟਰੀ ਹਵਾਈ ਅੱਡਾ ਮਹਾਰਾਸ਼ਟਰ ਲਈ ਇੱਕ ਗਲੋਬਲ ਗੇਟਵੇਅ ਸਾਬਤ ਹੋਵੇਗਾ। ਨਵੀਂ ਮੁੰਬਈ ਅਤੇ ਨਾਂਦੇੜ ਵਿਚਕਾਰ ਸਿੱਧੀ ਉਡਾਣ ਦੀ ਸ਼ੁਰੂਆਤ ਤਖ਼ਤ ਹਜ਼ੂਰ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੇ ਲੱਖਾਂ ਸ਼ਰਧਾਲੂਆਂ ਲਈ ਇੱਕ ਸੱਚੀ ਸੇਵਾ ਹੋਵੇਗੀ। ਇਹ ਮਰਾਠਵਾੜਾ ਖੇਤਰ ਦੇ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਵਿਕਾਸ ਵੱਲ ਵੀ ਇੱਕ ਮਹੱਤਵਪੂਰਨ ਕਦਮ ਹੋਵੇਗਾ। ਮੈਨੂੰ ਵਿਸ਼ਵਾਸ ਹੈ ਕਿ ਮਾਨਯੋਗ ਮੁੱਖ ਮੰਤਰੀ ਸ਼੍ਰੀ ਦੇਵੇਂਦਰ ਫੜਨਵੀਸ ਦੇ ਸਮਰਥਨ ਅਤੇ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਦੇ ਦਖਲ ਨਾਲ, ਸੰਗਤ ਦੀ ਇਹ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਜਲਦੀ ਹੀ ਪੂਰੀ ਹੋ ਜਾਵੇਗੀ। ਸਿੱਖ-ਪੰਜਾਬੀ ਭਾਈਚਾਰਾ ਮਾਣਯੋਗ ਮੁੱਖ ਮੰਤਰੀ ਸ਼੍ਰੀ ਦੇਵੇਂਦਰ ਫੜਨਵੀਸ ਦਾ ਉਨ੍ਹਾਂ ਦੀ ਦੂਰਦਰਸ਼ੀ ਅਗਵਾਈ, ਪ੍ਰਗਤੀਸ਼ੀਲ ਯੋਜਨਾਵਾਂ ਅਤੇ ਗੁਰੂ ਨਾਨਕ ਨਾਮ ਲੇਵਾ ਸੰਗਤ ਲਈ ਵਿਸ਼ੇਸ਼ ਯਤਨਾਂ ਲਈ ਧੰਨਵਾਦ ਕਰਦਾ ਹੈ ਅਤੇ ਇਸ ਮਹੱਤਵਪੂਰਨ ਹਵਾਈ ਸੰਪਰਕ ਦੀ ਬਹਾਲੀ ਨੂੰ ਯਕੀਨੀ ਬਣਾਉਣ ਲਈ ਉਨ੍ਹਾਂ ਦੇ ਨਿੱਜੀ ਦਖਲ ਦੀ ਬੇਨਤੀ ਕਰਦਾ ਹੈ।



ਆਵਾਜ਼ਿ ਕੌਮ AWAZE QAUM International Newspaper & WEB TV

# ਸਿੰਘ ਸਭਾ ਸਾਊਥਾਲ ਦੀ 5 ਅਕਤੂਬਰ ਨੂੰ ਪ੍ਰਬੰਧਕ ਕਮੇਟੀ ਦੀ ਚੋਣ ਅਤੇ ਨਤੀਜੇ ਇੱਕ ਇਤਿਹਾਸਕ ਮੀਲ ਪੱਥਰ ਸਾਬਿਤ ਹੋਏ ਹਨ

# ਸਿੱਖ ਕੌਮ ਲਈ ਇਕ ਬਹੁਤ ਅਹਿਮ ਤੇ ਇਤਿਹਾਸਕ ਫੈਸਲਾ

ਸਿੰਘ ਸਭਾ ਸਾਊਥਾਲ ਦੇ ਨਵੇਂ ਪ੍ਰਬੰਧ ਦੀ 5 ਅਕਤੂਬਰ ਨੂੰ ਹੋਈ ਚੋਣ -ਨਤੀਜੇ ਬਦੇਸ਼ ਵਸਦੀ ਸਿੱਖ ਕੌਮ ਲਈ ਇਕ ਬਹੁਤ ਅਹਿਮ ਇਤਿਹਾਸਕ ਫੈਸਲਾ ਹੈ ।ਇਹ ਐਸਾ ਮੌਕਾ ਬਣ ਗਿਆ ਸੀ ਕਿ , ਗੈਰ ਸਿੱਖੀ ਸੋਚ ਦੀ ਕਿਸਮ ਦੇ ਲੋਕ , ਪਿਛਲੇ ਹਿੰਮਤ ਸਿੰਘ ਦੇ ਪ੍ਰਬੰਧ ਤੇ ਹਾਵੀ ਹੋ ਚੁੱਕੇ ਸਨ ।ਸਭਾ ਦਾ ਸਕੱਤਰ ਤੇ ਕੁਝ ਹੋਰ ਵਰਗ ਪੰਥ ਵਿੱਚੋਂ ਛੇਕੇ ਹੋਏ ਲੋਕਾਂ ਦੀ ਕਠਪੁਤਲੀ ਬਣ ਕੇ , 23 ਸਤੰਬਰ ਦੀ ਰਾਤ ਸਵੇਰੇ ਤਿੰਨ ਵਜੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਕਾਂਡ ਵਰਤਾ ਚੁੱਕੇ ਸੀ ।ਸਿੱਟੇ ਵਜੋ "ਛੇਕੇ" ਹੋਏ ਪੰਥ ਦੁਸ਼ਮਣਾਂ ਵੱਲੋਂ 7 ਸਰੂਪ ਚੋਰੀ ਕੀਤੇ ਗਏ ।ਸਮੂੰਹ ਸੰਗਤ ਹਰਕਤ ਵਿੱਚ ਆਈ ਤੇ ਆਪਣੀ ਹੋਂਦ ਤੇ ਸੱਚ ਦੀ ਪਰਖ ਦਾ ਫੈਸਲਾ ਦੇ ਦਿੱਤਾ ।ਦੂਸਰਾ ਕਿ ਸਭਾ ਨੂੰ ਅਡੀਲਾ ਐਡ ਕੋ. ਰਾਹੀ ਟਰਸਟ ਦੀ ਬਣਤਰ ਇਕ ਪਰਵਾਰਿਕ ਢਾਂਚੇ ਦਾ ਰੂਪ ਘੜਨ ਲਈ ਗੁੱਟਬੰਦੀ ਨੂੰ ਪੈਦਾ ਕੀਤਾ ਗਿਆ ਸੀ ।ਜੋ ਕਿ ਸਿੰਘ ਸਭਾ ਦੀ ਸਿੱਖੀ ਪ੍ਰਤੀ ਘਾਲਣਾ ਤੇ ਸੇਵਾ ਨੂੰ ਹੀ ਤਬਾਹ ਕਰਨ ਦਾ ਕੋਝਾ ਕਦਮ ਸੀ ।ਕਿਸਮ ਕਿਸਮ ਦੇ ਜਸਟਿਸ ਆਫ ਪੀਸ ਤੇ ਪੜ੍ਹੇ ਲਿਖੇ ਡਾਕਟਰਾਂ ਨੇ ਗੈਰ ਪੰਥਕ ਸੋਚ ਨੂੰ ਹੀ ਉਜਾਗਰ ਕੀਤਾ ।ਸ਼ਾਇਦ ਇੰਝ ਕਹਿਣਾ ਠੀਕ ਲੱਗੇਗਾ ਕਿ " ਜੇਤਾ ਪੜਿਆ ਤੇਤਾ ਕੜਿਆ" ।ਅਜਿਹਾ ਹੋ ਰਿਹਾ ਸੀ ਕਿ ਇਹ ਦਾਅਵੇਦਾਰ ਬੁੱਧੀ ਜੀਵ ਵਰਗ ਵੀ , ਗੁਰੂ ਦੀ ਬੇਅਦਬੀ ਤੋਂ ਚੁੱਪ ਤੇ ਮੁੱਖ ਮੋੜ ਕੇ ਗੁਰੂ ਤੋਂ ਬੇਮੁਖ ਹੋ ਕੇ ਬੈਠ ਗਏ ਸਨ ।ਟਬਰਦਾਰੀ ਦੇ ਅਖੌਤੀ ਟਰਸਟ ਤੇ ਗੋਲਕ ਦੁਰਵਰਤੋਂ ਵਾਲੇ ਪ੍ਰਧਾਨਾਂ ਨਾਲ ਗੁੱਟਬੰਦੀ ਬਣਾ ਲਈ ਗਈ ਸੀ ।ਬੀਤੇ ਤਿੰਨ ਸਾਲ ਦੇ ਪ੍ਰਬੰਧ ਸਮੇਂ ਪੰਥ ਵਿੱਚੋਂ "ਛੇਕੇ " ਹੋਏ ਬੰਦਿਆਂ ਰਾਹੀ ਸਭਾ ਵਿਚੋ 145 ਸਰੂਪਾਂ ਨੂੰ ਉਪਰੋਕਤ ਗੈਰ ਸਿੱਖੀ ਢੰਗ ਰਾਹੀ ਸਭਾ ਵਿੱਚੋਂ ਚੁਕਵਾਇਆ ਗਿਆ ।ਇਹ ਅਜਿਹੇ ਸੰਗੀਨ ਕਾਰਨ ਸਨ ਕਿ ਗੁਰੂ ਕੀ ਸੰਗਤ ਨੇ , ਢੁਕਵਾਂ ਉੱਤਰ ਦੇ ਕੇ "ਸ਼ੇਰ" ਗਰੁੱਪ ਦੀ ਸਮੁੱਚੀ ਟੀਮ ਦੇ ਹੱਕ ਵਿੱਚ ਫਤਵਾ ਦਿੱਤਾ ਹੈ ।ਯੂ ਕੇ ਦੀ ਇਹ ਅੰਤਰਰਾਸ਼ਟਰੀ ਸਿੰਘ ਸਭਾ ਸਾਊਥਾਲ ਅੱਜ ਫਿਰ ਤੋਂ ਆਪਣੇ ਅਸਲੀ ਇਤਿਹਾਸਕ ਰੂਪ ਵਿੱਚ ਰੂਪਾਂਤਰ ਹੋ ਗਈ ਹੈ , ਇਹ ਇੱਕ ਚੰਗੇ ਭਵਿੱਖ ਦਾ ਪਹਿਲੂ ਕਿਹਾ ਜਾ ਸਕਦਾ ਹੈ । ।ਮੈਂ ਚੋਣ ਤੋਂ ਪਹਿਲਾਂ , ਬੇਅਦਬੀ ਤੇ ਟਬਰਦਾਰੀ ਦੇ ਕੌਰਵ ਕਿਸਮ ਦੇ "ਧਰਿਤਰਾਸ਼ਟਰ" ਰੂਪ ਬਾਰੇ ਲਿਖ ਚੁੱਕਾ ਹਾਂ ।ਕਿ ਇਹ ਹਿੰਮਤ ਸਿੰਘ ਦੀ ਸਿੰਘ ਸਭਾ ਪ੍ਰਤੀ ਕੀਤੀ ਮਿਹਨਤ ਨੂੰ ਰੋੜ ਦੇਣਗੇ ।ਸਿੱਟੇ ਉਹੀ ਸਾਹਮਣੇ ਆਏ ਹਨ ।ਬੀਤੇ ਪ੍ਰਬੰਧ ਵਿੱਚ ਜੋ ਕੁਝ ਦਿਆਨਤਦਾਨ ਮੈਂਬਰ ਸਨ , ਉਹਨਾਂ ਦੀ ਆਵਾਜ਼ ਨੂੰ ਦਬਾਉਣ ਦੀ ਪੂਰੀ ਕੋਸ਼ਿਸ਼ ਕੀਤੀ ਗਈ ।ਜੇਕਰ ਖ਼ਜ਼ਾਨਚੀ ਨੇ ਪੈਸੇ ਦੀ ਦੁਰਵਰਤੋਂ ਦਾ ਨੋਟਿਸ ਲਿਆ , ਜਨਰਲ ਬਾਡੀ ਵਿੱਚ ਇਸ ਤੇ ਸੰਗਤ ਨੂੰ ਸੁਚੇਤ ਕੀਤਾ ਤਾਂ "ਛੇਕੇ" ਟੋਲੇ ਦੇ ਸਮਰਥਕਾਂ ਨੇ ਉਸ ਵਿਰੁੱਧ ਹੀ ਬੇਹੂਦਾ ਪ੍ਰਾਪੇਗੰਡਾ ਕੀਤਾ ।ਗੈਰ ਪੰਥਕਾਂ ਨੇ ਅਖੌਤੀ ਤੌਰ ਤੇ ਝੂਠ ਇਕੱਠਾ ਕਰਨ ਕੋਝੀ ਕੋਸ਼ਿਸ਼ ਕੀਤੀ । 5 ਅਕਤੂਬਰ ਦੇ ਇਸ ਸੰਗਤ ਦੇ ਐਲਾਨਨਾਮੇ ਨੂੰ ਸਹੀ ਪੰਥਕ ਜਿੱਤ ਵਜੋਂ ਹੀ ਲਿਆ ਜਾਣਾ ਚਾਹੀਦਾ ਹੈ ।ਜਿਸ ਵਿੱਚ ਯੂ ਕੇ ਭਰ ਦੇ ਚਿੰਤਤ ਪ੍ਰਬੰਧਕਾਂ ਨੇ ਵੀ ਆਪਣਾ ਹਿੱਸਾ ਪਾਇਆ ਹੈ ਤੇ "ਛੇਕੇ" ਹੋਏ ਕੌਮੀ ਦੁਸ਼ਮਣਾ ਨੂੰ ਡਟਵੀ ਹਾਰ ਦਿੱਤੀ ਹੈ ।ਕੁਝ ਵਿਅਕਤੀਆਂ ਬਾਰੇ ਇਹ ਵੀ ਅਫ਼ਸੋਸ ਹੈ , ਕਿ 1985 ਸਮੇਂ ਵਿੱਚ ਇੱਕ "ਇੱਕ ਰਾਗੀ " ਰਾਹੀ ਬੁਰੇ ਕਰਮ ਵਿੱਚ ਦਿੱਤੀ ਗੋਲਕ ਲਈ ਵੀ ਸਬੰਧਤ ਧਿਰ ਸ਼ਰਮਸਾਰ ਨਹੀਂ ਹੋਈ ।ਸਗੋਂ ਅਜਿਹੇ ਲੋਕਾਂ ਨੂੰ ਵੀ ਪਰਵਾਰਿਕ ਟਰਸਟ ਦਾ ਭਾਗ ਬਣਾਇਆ ਗਿਆ ।ਅੱਜ ਨਵੇਂ ਪ੍ਰਬੰਧ ਦਾ ਜੋ ਸ਼ੇਰ ਗਰੁਪ ਦੀ ਅਗਵਾਈ ਵਿੱਚ ਨਿਰਮਾਣ ਹੋਇਆ ਹੈ ।ਇਹਨਾਂ ਸਾਹਮਣੇ ਵੱਡੀਆਂ ਤੇ ਅਹਿਮ ਜ਼ੁੰਮੇਵਾਰੀਆਂ ਹਨ ।ਇਕ ਇਹ ਕਿ ਬੇਅਦਬੀ ਦੇ ਕਾਂਡ ਤੇ ਜਾਂਚ ਕਰਵਾਈ ਜਾਵੇ ਤੇ ਅਕਾਲ ਤਖ਼ਤ ਸਾਹਿਬ ਦੇ ਉਸ ਹੁਕਮ ਨੂੰ ਲਾਗੂ ਕੀਤਾ ਜਾਵੇ ।ਜੋ ਅਖੌਤੀ ਸਤਿਕਾਰ ਕਮੇਟੀ ਭਾਈ "ਮੰਨੇ" ਦੀ ਗਲਤ ਕਿਰਿਆ ਬਾਰੇ ਜਾਰੀ ਹੋਇਆ ਹੁਕਮਨਾਮਾ ਹੈ ।ਪੰਥ ਵਿੱਚੋਂ "ਛੇਕੇ" ਹੋਏ ਟੋਲੇ ਨਾਲੋਂ ਨਾਤੇ ਤੋੜੇ ਜਾਣ ।ਸਰੂਪਾਂ ਨੂੰ ਗੁਰੂ ਮਰਿਆਦਾ ਮੁਤਾਬਕ ਸੇਵਾ ਸੰਭਾਲ ਦੀ ਜ਼ੁੰਮੇਵਾਰੀ , ਸਿੰਘ ਸਭਾ ਖੁਦ ਨਿਭਾਵੇ ।ਇਸ ਪ੍ਰਤੀ ਯੂ ਕੇ ਪੱਧਰ ਤੇ ਗੁਰੂ ਅਸਥਾਨਾਂ ਨਾਲ ਸਹਿਯੋਗ ਸਾਂਝਾ ਕੀਤਾ ਜਾਵੇ ।ਦੂਸਰਾ ਇਹ ਕਿ ਪਰਵਾਰਕ ਤੇ ਅਡੀਲਾ ਕੰਪਨੀ ਦੀ ਬਣਤਰ ਦੇ ਇਸ ਅਖੌਤੀ ਟਰਸਟ ਦੀ ਜਗਾ , ਪੰਥਕ ਵਿਚਾਰਧਾਰਾ ਨੂੰ ਪੈਦਾ ਕੀਤਾ ਜਾਵੇ ।ਇਕ ਸੁਚੱਜਾ , ਸੇਵਾ ਭਾਵਨਾ ਦਾ ਟਰਸਟ ਬਣਾਇਆ ਜਾਵੇ ਜੋ ਸਿੰਘ ਸਭਾ , ਸਾਊਥਾਲ ਦੇ ਚੰਗੇ ਭਵਿੱਖ ਲਈ ਜ਼ੁੰਮੇਵਾਰੀ ਲਵੇ ।ਇਸ ਸਮੇ ਯੂ ਕੇ ਭਰ ਵਿੱਚ ਇਹਨਾਂ ਸਾਰਿਆਂ ਪੱਖਾਂ ਤੋ ਇੱਕ ਸਾਂਝੇ ਪਰਿਵਰਤਨ ਦੀ ਲੋੜ ਹੈ ।ਸਿੰਘ ਸਭਾ ਸਾਊਥਾਲ ਦੀ ਲੀਡਰਸ਼ਿਪ ਨੂੰ ਉਚੇਚੇ ਰੋਲ ਪੈਦਾ ਕਰਨ ਤੇ ਨਿਭਾਉਣ ਦੀ ਲੋੜ ਹੈ ।ਇਸੇ ਸਾਂਝੀ ਸੋਚ ਦੇ ਹੱਕ ਵਿੱਚ ਸਾਡੀ ਸੋਚ ਹਮੇਸ਼ਾ ਸਾਥ ਦੇਵੇਗੀ ।ਇਹਨਾਂ ਸੰਬੰਧਾਂ ਤੇ ਪੰਥਕ ਕਾਰਜਾਂ ਦੇ ਹਿਤ ਵਿੱਚ ਹੀ ਪੈਦਾ ਹੋਇਆ ਵਾਤਾਵਰਣ, ਕੌਮ ਦੀ ਚੜਦੀ ਕਲਾ ਦਾ ਪ੍ਰਤੀਕ ਹੋਵੇਗਾ ।ਨਵੇਂ ਪ੍ਰਬੰਧ ਸ਼ੇਰ ਗਰੁੱਪ ਦੇ ਸਾਰੇ ਸਹਿਯੋਗੀਆਂ ਨੂੰ ਅਸੀ , ਉਹਨਾਂ ਦੀ ਮਿਹਨਤ ਦੀ ਕਾਮਯਾਬੀ ਲਈ , ਵਧਾਈ ਦਿੰਦੇ ਹਾਂ ।ਸਮੂਹ ਸੰਗਤ ਨੂੰ ਬਹੁਤ ਬਹੁਤ ਵਧਾਈ ਹੋਵੇ ।ਜਿਹਨਾਂ ਆਪਣੀ ਸਦ ਭਾਵਨਾ ਨਾਲ , ਗੁਰੂ ਦਾ ਆਸਰਾ ਲੈ ਕੇ , ਨਵੇਂ ਪ੍ਰਬੰਧ ਨੂੰ ਇੱਕ ਸੁਚੱਜਾ ਰੁਪ ਦਿੱਤਾ ਹੈ ।



ਗੁਰੂ ਪੰਥ ਦੇ ਦਾਸ

**ਪਰਮਿੰਦਰ ਸਿੰਘ ਬੱਲ , ਪ੍ਰਧਾਨ**

ਅਜੀਤਪਾਲ ਸਿੰਘ ਸਹੋਤਾ ਜਨਰਲ ਸਕੱਤਰ, ਹਰਮੇਲ ਸਿੰਘ ਖ਼ਾਲਸਾ ਮੀਤ ਪ੍ਰਧਾਨ, ਰਾਜਿੰਦਰ ਸਿੰਘ ਸੋਮਲ ਚੀਫ ਆਰਗੇਨਾਈਜਰ

ਸਿੱਖ ਫੈਡਰੇਸ਼ਨ, ਯੂ ਕੇ , ਈਮੇਲ: psbal46@gmail.com

ਆਵਾਜ਼ਿ ਕੌਮ AWAZE QAUM International Newspaper & WEB TV

ਸਾਂਭਾ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ

# ਪੰਜ ਪਾਵਨ ਸਰੂਪ ਅਗਨ ਭੇਟ

## ਅਕਾਲ ਤਖ਼ਤ ਸਾਹਿਬ ਵੱਲੋਂ ਸਖ਼ਤ ਕਾਰਵਾਈ ਗੁਰਦੁਆਰਾ ਪ੍ਰਬੰਧਕਾਂ 'ਤੇ ਤਾਉਮਰ ਰੋਕ

















**ਸਾਂਭਾ/ਅੰਮ੍ਰਿਤਸਰ, 8 ਅਕਤੂਬਰ (ਆਵਾਜ਼ਿ ਕੌਮ ਬਿਊਰੋ) -** ਜੰਮੂ ਦੇ ਸਾਂਭਾ ਜ਼ਿਲ੍ਹੇ ਦੇ ਪਿੰਡ ਕੌਲਪੁਰ ਵਿੱਚ ਵਾਪਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀ ਦਿਲ ਦਹਿਲਾ ਦੇਣ ਵਾਲੀ ਘਟਨਾ ਨੇ ਸਿੱਖ ਜਗਤ ਵਿੱਚ ਡੂੰਘਾ ਦੁੱਖ ਅਤੇ ਰੋਸ ਪੈਦਾ ਕਰ ਦਿੱਤਾ ਹੈ। ਸਥਾਨਕ ਗੁਰਦੁਆਰਾ ਸਿੰਘ ਸਭਾ ਕੌਲਪੁਰ ਵਿੱਚ ਬੀਤੀ ਰਾਤ ਪੰਜ ਪਾਵਨ ਸਰੂਪਾਂ ਨੂੰ ਅਣਪਛਾਤੇ ਵਿਅਕਤੀ ਵੱਲੋਂ ਅਗਨ ਭੇਟ ਕਰ ਦਿੱਤਾ ਗਿਆ, ਜਿਸ ਨਾਲ ਪੂਰਾ ਇਲਾਕਾ ਸ਼ੋਕ ਵਿੱਚ ਡੁੱਬ ਗਿਆ ਹੈ। ਸੂਤਰਾਂ ਅਨੁਸਾਰ, ਪਿੰਡ ਦੇ ਰਹਿਣ ਵਾਲੇ ਮਨਜੀਤ ਨਾਮਕ ਵਿਅਕਤੀ ਨੇ ਗੁਰਦੁਆਰੇ ਵਿੱਚ ਦਾਖਲ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ 'ਤੇ ਤੇਲ ਪਾ ਕੇ ਅੱਗ ਲਾ ਦਿੱਤੀ। ਸੰਗਤ ਨੇ ਦੋਸ਼ੀ ਨੂੰ ਮੌਕੇ 'ਤੇ ਕਾਬੂ ਕਰ ਲਿਆ ਅਤੇ ਪੁਲਿਸ ਹਵਾਲੇ ਕਰ ਦਿੱਤਾ। ਇਸ ਦਰਮਿਆਨ, ਗੁੱਸੇ ਵਿੱਚ ਆਈ ਸੰਗਤ ਨੇ ਦੋਸ਼ੀ ਦਾ ਘਰ ਸਾੜ ਦਿੱਤਾ ਅਤੇ ਬਾਅਦ ਵਿੱਚ ਮੌਕੇ 'ਤੇ ਮੌਜੂਦ ਪ੍ਰਸ਼ਾਸਨ ਨੇ ਘਰ ਨੂੰ ਬੁਲਡੋਜ਼ਰ ਨਾਲ ਢਾਹ ਦਿੱਤਾ। ਇਲਾਕੇ ਵਿੱਚ ਹਾਲਾਤ ਤਣਾਅਪੂਰਨ ਪਰ ਕਾਬੂ 'ਚ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਖ਼ੁਦ ਮੌਕੇ 'ਤੇ ਪਹੁੰਚੇ ਤੇ ਸਥਿਤੀ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਇਸ ਘਟਨਾ ਨੂੰ "ਸਿੱਖੀ 'ਤੇ ਸਿੱਧਾ ਹਮਲਾ ਅਤੇ ਪੰਥਕ ਮਰਯਾਦਾ ਦੀ ਉਲੰਘਣਾ" ਕਰਾਰ ਦਿੱਤਾ। ਜਥੇਦਾਰ ਨੇ ਗੁਰਦੁਆਰਾ ਸਿੰਘ ਸਭਾ ਕੌਲਪੁਰ ਦੀ ਪੂਰੀ ਪ੍ਰਬੰਧਕ ਕਮੇਟੀ, ਮੈਂਬਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਤਾਉਮਰ ਕਿਸੇ ਵੀ ਗੁਰਦੁਆਰੇ ਦੀ ਪ੍ਰਬੰਧਕੀ ਤੋਂ ਰੋਕ ਦਿੱਤਾ ਹੈ। "ਇਹ ਸਿਰਫ਼ ਗੁਸਤਾਖ਼ੀ ਨਹੀਂ, ਪੰਥ ਦੀ ਰੂਹ 'ਤੇ ਘਾਟ ਹੈ। ਹੁਣ ਹਰ ਸਿੰਘ-ਸਿੰਘਣੀ ਨੂੰ ਗੁਰੂ ਘਰਾਂ ਦੀ ਰੱਖਿਆ ਲਈ ਸਾਵਧਾਨ ਰਹਿਣਾ ਪਵੇਗਾ," ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਦਾ ਵਫ਼ਦ ਸਾਂਭਾ ਪਹੁੰਚਿਆ ਜਿਸ ਵਿੱਚ ਸ. ਗੁਰਮੀਤ ਸਿੰਘ ਬੂਹ, ਭਾਈ ਅਜੈਬ ਸਿੰਘ ਅਭਿਆਸੀ ਅਤੇ ਸ. ਪ੍ਰਤਾਪ ਸਿੰਘ ਸ਼ਾਮਲ ਸਨ। ਉਨ੍ਹਾਂ ਨੇ ਮਾਮਲੇ ਦੀ ਪੂਰੀ ਜਾਂਚ ਦੀ ਮੰਗ ਕਰਦਿਆਂ ਕਿਹਾ ਕਿ ਦੋਸ਼ੀ ਅਤੇ ਉਸਦੇ ਸਹਿਯੋਗੀਆਂ ਨੂੰ ਤੁਰੰਤ ਸਖ਼ਤ ਸਜ਼ਾ ਦਿੱਤੀ ਜਾਵੇ। ਸਾਂਭਾ ਦੇ ਡੀ.ਸੀ. ਆਯੂਸ਼ੀ ਸੂਦਨ ਅਤੇ ਡੀ.ਆਈ.ਜੀ. ਸ਼ਿਵ ਕੁਮਾਰ ਸ਼ਰਮਾ ਨੇ ਘਟਨਾ ਸਥਾਨ ਦਾ ਦੌਰਾ ਕੀਤਾ। ਪੁਲਿਸ ਨੇ ਧਾਰਾ 295-1 ਤਹਿਤ ਮਾਮਲਾ ਦਰਜ ਕਰਕੇ ਦੋਸ਼ੀ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਪ੍ਰਸ਼ਾਸਨ ਨੇ ਗੁਰਦੁਆਰਾ ਇਲਾਕੇ ਵਿੱਚ ਵਾਧੂ ਸੁਰੱਖਿਆ ਤੈਨਾਤ ਕਰ ਦਿੱਤੀ ਹੈ। ਘਟਨਾ ਤੋਂ ਬਾਅਦ ਗੁਰਦੁਆਰਾ ਸ੍ਰੀ ਗੁਰੂ ਮਾਰਗਰਾਹ ਸਾਹਿਬ ਵਿਖੇ ਸੰਗਤਾਂ ਵੱਲੋਂ ਸਮੂਹ ਅਰਦਾਸ ਕੀਤੀ ਗਈ। ਸਿੱਖ ਆਗੂਆਂ ਨੇ ਸੰਗਤਾਂ ਨੂੰ ਸ਼ਾਂਤੀ ਬਰਕਰਾਰ ਰੱਖਣ ਅਤੇ ਗੁਰੂ ਸਾਹਿਬ ਦੇ ਅਦਬ ਲਈ ਏਕਤਾ ਨਾਲ ਖੜ੍ਹੇ ਰਹਿਣ ਦੀ ਅਪੀਲ ਕੀਤੀ। "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖ ਪੰਥ ਦੀ ਆਤਮਾ ਹਨ। ਉਨ੍ਹਾਂ ਦੀ ਰੱਖਿਆ ਸਾਡੀ ਧਾਰਮਿਕ, ਨੈਤਿਕ ਤੇ ਆਤਮਿਕ ਜ਼ਿੰਮੇਵਾਰੀ ਹੈ।" ••

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ


ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

# ਜਦੋਂ ਦੁਸ਼ਮਣ ਨੇ ਸਿੰਘਾਂ ਦੀ ਬਹਾਦਰੀ ਤੇ ਸਿਦਕ ਦਾ ਲੋਹਾ ਮੰਨਿਆ

## ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਦੇ ਅੱਜ ਸ਼ਹੀਦੀ ਦਿਨ ’ਤੇ ਵਿਸ਼ੇਸ਼



ਹਜ਼ਾਰਾਂ ਸਾਲਾਂ ਦੇ ਮਨੁੱਖੀ ਇਤਿਹਾਸ ਵਿਚ ਆਪਣੀ 545 ਸਾਲ ਦੀ ਬਾਲੜੀ ਉਮਰ ਵਾਲੀ ਸਿੱਖ ਕੌਮ ਨੂੰ ਇਹ ਮਾਣ ਹਾਸਲ ਹੈ ਕਿ ਉਸ ਦੇ ਗਗਨ ‘ਤੇ ਹਜ਼ਾਰਾਂ ਨਹੀਂ, ਲੱਖਾਂ ਖ਼ਾਲਸਾ ਜੀ ਦੇ ਇਹੋ ਜਿਹੇ ਚਮਕਦੇ ਸਿਤਾਰੇ ਹਨ, ਜੋ ਬੇਇਨਸਾਫ਼ੀ ਅਤੇ ਜ਼ੁਲਮ ਦੀ ਕਾਲੀ ਬੋਲੀ ਰਾਤ ਵਿਚ ਹੱਕ-ਸੱਚ-ਇਨਸਾਫ਼ ਦੇ ਹਰ ਪਾਂਧੀ ਨੂੰ ਰੌਸ਼ਨੀ ਭਰਪੂਰ, ਜਾਗਦੀਆਂ ਜ਼ਮੀਰਾਂ ਵਾਲਿਆਂ ਦੀ ਡਗਰ ‘ਤੇ ਤੁਰਨ ਵਿਚ ਅਗਵਾਈ ਤੇ ਹੌਸਲਾ ਬਖ਼ਸ਼ਦੇ ਹਨ। ਗੁਰੂ ਕਲਗ਼ੀਧਰ ਦੇ ਵਰੋਸਾਏ ਖ਼ਾਲਸਾ ਪੰਥ ਦੇ ਦੋ ਲਾਡਲੇ ਸਪੁੱਤਰਾਂ ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਨੇ ਆਪਣੀ ਅਦੁੱਤੀ ਬਹਾਦਰੀ ਤੇ ਲਾਸਾਨੀ ਸ਼ਹਾਦਤ ਨਾਲ ਖ਼ਾਲਸਾਈ ਗਗਨ ਨੂੰ ਤਾਂ ਲਟ-ਲਟ ਰੌਸ਼ਨ ਕੀਤਾ ਹੀ ਹੈ ਪਰ ਨਾਲ ਹੀ ਉਹ ਅਜੋਕੇ ਖ਼ਾਲਿਸਤਾਨੀ ਸੰਗਰਾਮ ਦੇ ਮੁੱਖ ਕੇਂਦਰ ਬਿੰਦੂ ਵੀ ਹੋ ਨਿੱਬੜੇ ਹਨ।

ਲੱਖਾਂ ਫ਼ੌਜਾਂ ਦੀ ਕਮਾਂਡ ਕਰਨ ਵਾਲਾ ਅਕਾਲ ਤਖ਼ਤ ਸਾਹਿਬ ‘ਤੇ ਹਮਲਾਵਰ ਜਨਰਲ ਵੈਦਿਆ ਤਾਂ ਇਤਿਹਾਸ ਦੇ ਘੱਟੇ ਵਿਚ ਗੁਆਚ ਗਿਆ ਹੈ ਪਰ ਭਾਈ ਜਿੰਦਾ ਤੇ ਭਾਈ ਸੁੱਖਾ ਖ਼ਾਲਿਸਤਾਨੀ ਫ਼ੌਜਾਂ ਦੇ ਸਦੀਵੀ ਜਰਨੈਲ ਸਥਾਪਤ ਹੋ ਗਏ ਹਨ, ਜਿਨ੍ਹਾਂ ਦੀ ਬਹਾਦਰੀ ਤੇ ਨਿਰਭੈਤਾ ਦਾ ਲੋਹਾ ਦੁਸ਼ਮਣ ਨੇ ਵੀ ਮੰਨਿਆ ਹੈ।

ਜੰਗ ਦੇ ਮੈਦਾਨ ਵਿਚ ਬੱਬਰ ਸ਼ੇਰ ਦੀ ਗਰਜ ਰੱਖਣ ਵਾਲੇ ਇਨ੍ਹਾਂ ਸੂਰਮਿਆਂ ਨੇ ਫਾਂਸੀ ਦੇ ਰੱਸੇ ਨੂੰ ਗਲ ‘ਚ ਪਾਉਣ ਤੱਕ ਦਾ ਸਫ਼ਰ ਸੰਤਤਾਈ ਦੀ ਉੱਚ ਆਤਮਿਕ ਅਵਸਥਾ ਵਿਚ ਵਿਚਰਦਿਆਂ ਤਹਿ ਕੀਤਾ। ਇਹਨਾਂ ਦੋ ਜਾਗਦੀਆਂ ਰੂਹਾਂ ਵਾਲਿਆਂ ਨੂੰ ਮੌਤ ਲਾੜੀ ਵਿਆਹੁਣ ਦੇ ਖ਼ਿਆਲ ਨੇ ਅਨੰਦਮਈ ਅਵਸਥਾ ਵਿਚ ਪਹੁੰਚਾ ਦਿੱਤਾ। ਦਗ ਦਗ ਭਖਦੇ ਚਿਹਰਿਆਂ ਦੇ ਤੇਜੱਸਵੀ ਜਲਾਲ ਸਾਹਮਣੇ ਮੌਤ ਨੂੰ ਵੀ ਦੰਦਲ ਪੈ ਗਈ ਹੋਵੇਗੀ। ਪਰ ਨਿਰਮਾਣਤਾ ਦੇ ਪੁੰਜ ਵੀਰਿਆਂ ਨੇ ਜਲਾਦ ਨੂੰ ਵੀ ਗਲ ਨਾਲ ਲਾ ਕੇ ਵਧਾਈ ਦਿੱਤੀ ਕਿਉਂਕਿ ਮੌਤ ਨਾਲ ਅਨੰਦ ਪੜ੍ਹਾਉਣ ਦੀ ਰਸਮ ਤਾਂ ਉਹ ਹੀ ਅਦਾ ਕਰ ਰਿਹਾ ਸੀ। ਖ਼ਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਗਜਾਉਂਦਿਆਂ ਫਾਂਸੀ ਦੇ ਰੱਸਿਆਂ ‘ਤੇ ਝੂਟਾ ਲੈ ਰਹੇ ਭਾਈ ਸੁੱਖਾ-ਜਿੰਦਾ ਨੂੰ ਮਾਨੋ ਦਸਮੇਸ਼ ਪਿਤਾ ਆਪ ਲੋਰੀਆਂ ਦੇ ਰਹੇ ਸਨ।

ਜਦੋਂ ਅਸੀਂ 18ਵੀਂ ਸਦੀ ਦੇ ਸਿੰਘਾਂ ਦੀ ਬਹਾਦਰੀ ਤੇ ਆਚਰਨ ਦਾ ਹਵਾਲਾ ਦਿੰਦੇ ਹਾਂ ਤਾਂ ਅਹਿਮਦ ਸ਼ਾਹ ਅਬਦਾਲੀ ਦੇ ਨਾਲ ਆਏ ਜਰਨੈਲ-ਇਤਿਹਾਸਕਾਰ ਕਾਜ਼ੀ ਨੂਰ ਮੁਹੰਮਦ ਦਾ ਜ਼ਿਕਰ ਕੀਤਾ ਜਾਂਦਾ ਹੈ। ਕਾਜ਼ੀ ਨੂਰ ਮੁਹੰਮਦ ਦਾ ਕਹਿਣਾ ਹੈ - ‘ਇਨ੍ਹਾਂ ਸਿੱਖਾਂ ਨੂੰ ਕੁੱਤੇ ਨਾ ਆਖੋ (ਕਿਉਂਕਿ ਉਹ ਪਹਿਲਾਂ ਆਪ ਹੀ ਸਿੱਖਾਂ ਲਈ ਕੁੱਤਾ, ਫ਼ਾਰਸੀ ਵਿਚ ਸੱਗ ਸ਼ਬਦ ਵਰਤ ਚੁੱਕਾ ਸੀ) ਇਹ ਤਾਂ ਅਸਲੀ ਸ਼ੇਰ ਹਨ। ਜਿਹੜਾ ਜੰਗ ਦੇ ਮੈਦਾਨ ਵਿਚ ਸ਼ੇਰ ਦੀ ਭਬਕਾਰ ਨਾਲ ਜੂਝਦਾ ਹੈ, ਉਹ ਨੂੰ ਕੁੱਤਾ ਕਿਵੇਂ ਆਖਿਆ ਜਾ ਸਕਦਾ ਹੈ? ਉਹ ਤਲਵਾਰ ਦੇ ਯੋਧਿਓ, ਜੇ ਤੁਸੀਂ ਜੰਗ ਦੇ ਦਾਓ ਪੇਚ ਸਿੱਖਣੇ ਹਨ, ਤਲਵਾਰ ਵਾਹੁਣੀ ਸਿੱਖਣੀ ਹੈ ਤਾਂ ਇਨ੍ਹਾਂ ਤੋਂ ਸਿੱਖੋ। ਇਹ ਨਾਇਕਾਂ ਵਾਂਗ ਦੁਸ਼ਮਣ ਦਾ ਟਾਕਰਾ ਕਰਦੇ ਹਨ ਅਤੇ ਫੇਰ ਬੜੀ ਸਫ਼ਾਈ ਨਾਲ ਸੁਰੱਖਿਅਤ ਨਿਕਲ ਵੀ ਜਾਂਦੇ ਹਨ।” ਦੁਸ਼ਮਣ ਵੱਲੋਂ ਕੀਤੀ ਗਈ ਸਿਫ਼ਤ ਹੀ ਅਸਲ ਆਚਰਨ ਦੀ, ਭਰੋਸੇਯੋਗ ਜ਼ਾਮਨੀ ਹੁੰਦੀ ਹੈ।

20ਵੀਂ ਸਦੀ ਦੇ ਅੰਤ ਵਿਚ ਖ਼ਾਲਸਤਾਨੀ ਸੰਘਰਸ਼ ਲਈ ਸ਼ਹੀਦ ਡੇਢ ਲੱਖ ਤੋਂ ਜ਼ਿਆਦਾ ਸਿੰਘਾਂ-ਸਿੰਘਣੀਆਂ ਦੀ ਸੂਰਬੀਰਤਾ, ਸਿਦਕ ਅਤੇ ਮੌਤ ਦੇ ਬੇਖ਼ੌਫ ਹੋਣ ਦੇ ਕਰੈਕਟਰ ਦਾ ਰੋਲ-ਮਾਡਲ ਭਾਈ ਜਿੰਦਾ ਤੇ ਭਾਈ ਸੁੱਖਾ ਕਹੇ ਜਾ ਸਕਦੇ ਹਨ।

ਵੇਦ ਮਰਵਾਹਾ, ਦਿੱਲੀ ਪੁਲੀਸ ਦਾ ਮੁਖੀ (ਕਮਿਸ਼ਨਰ) ਹੁਣ ਨੌਕਰੀ ਤੋਂ ਰਿਟਾਇਰ ਹੋ ਚੁੱਕਾ ਹੈ। ਇਸ ਦੀ ਕਮਾਂਡ ਥੱਲੇ, ਦਿੱਲੀ ਪੁਲੀਸ ਨੇ ਦੋ ਵਾਰ ਭਾਈ ਹਰਜਿੰਦਰ ਸਿੰਘ ਜਿੰਦਾ ਨੂੰ ਗ੍ਰਿਫ਼ਤਾਰ ਕੀਤਾ ਸੀ (1985 ਤੇ ਫਿਰ 1987 ਵਿਚ) ਵੇਦ ਮਰਵਾਹੇ ਨੇ, ਰਿਟਾਇਰਮੈਂਟ ਤੋਂ ਬਾਅਦ ਇੱਕ ਕਿਤਾਬ’ ਲਿਖੀ ਜਿਸ ਦਾ ਸਿਰਲੇਖ ਹੈ - ‘ਅਨਸਿਵਲ ਵਾਰਜ਼ - ਪਥੋਲੌਜੀ ਆਫ਼ ਟੈਰਰਿਜ਼ਮ ਇਨ ਇੰਡੀਆ’। ਇਸ ਕਿਤਾਬ ਦੇ ਸਫ਼ਾ 16 ‘ਤੇ ਉਸ ਨੇ ਇੱਕ ਸਿਰਲੇਖ ਦਿੱਤਾ ਹੈ- ‘ਜਿੰਦਾ ਕੋਈ ਸਧਾਰਣ ਮਨੁੱਖ ਨਹੀਂ ਸੀ’। ਇਸ ਦੀ ਲਿਖਤ ਵਿਚਲਾ ਵੇਰਵਾ, ਕਾਜ਼ੀ ਨੂਰ ਮੁਹੰਮਦ ਦੀ 18ਵੀਂ ਸਦੀ ਦੇ ਸਿੰਘਾਂ ਬਾਰੇ ‘ਗਵਾਹੀ’ ਵਾਂਗ ਹੀ ਹੈ। ਭਾਰਤੀ ਰਾਸ਼ਟਰ ਭਗਤੀ ਤੇ ਫ਼ਿਰਕੂਪੁਣੇ ਨਾਲ ਭਰਿਆ, ਪੰਜਾਬੀ ਹਿੰਦੂ ਮੂਲ ਦਾ ਮਰਵਾਹਾ ਲਿਖਦਾ ਹੈ - ”ਹਰਜਿੰਦਰ ਸਿੰਘ ਜਿੰਦਾ, ਜਿਸ ਨੂੰ ਜਨਰਲ ਵੈਦਿਆ ਦੇ ਕਤਲ ਕੇਸ ਵਿਚ ਸਜ਼ਾ ਹੋਈ ਅਤੇ ਬਾਅਦ ਵਿਚ ਫਾਂਸੀ ‘ਤੇ ਲਟਕਾਇਆ ਗਿਆ ਕੋਈ ਸਧਾਰਨ ਮਨੁੱਖ ਨਹੀਂ ਸੀ। ਇਹ ਸਿਰਫ਼ ਇੱਕ ਬੇਤਰਸ ਹਤਿਆਰਾ ਨਹੀਂ ਸੀ। ਉਸ ਦੀ ਸ਼ਖ਼ਸੀਅਤ ਦਾ ਇੱਕ ਬੜਾ ਅਨੋਖਾ ਪੱਖ ਵੀ ਸੀ। ਉਹ ਜਦੋਂ ਸਖ਼ਤ ਜ਼ਖਮੀ ਸੀ ਅਤੇ ਜੀਵਨ-ਮੌਤ ਦੀ ਲੜਾਈ ਲੜ ਰਿਹਾ ਸੀ, ਉਦੋਂ ਵੀ ਉਹ ਬੜਾ ਮਖੌਲੀਆ ਅਤੇ ਦਿਲ ਨੂੰ ਲੁਭਾਉਣ ਵਾਲਾ ਅੰਦਾਜ਼ ਰੱਖਦਾ ਸੀ। ਜਦੋਂ ਮੈਂ ਉਸ ਦੀ ਗ੍ਰਿਫ਼ਤਾਰੀ ਤੋਂ ਬਾਅਦ ਉਸ ਨੂੰ ਪਹਿਲੀ ਵਾਰ ਮਿਲਿਆ ਤਾਂ ਮੈਂ ਮਹਿਸੂਸ ਕੀਤਾ ਕਿ ਉਹ ਕੋਈ ਮਨੋਰੋਗੀ ਨਹੀਂ ਸੀ ਬਲਕਿ ਉਸ ਦੀ ਮਾਨਸਿਕਤਾ ਵਿਚ ਐਸੇ ਅਸਾਧਾਰਣ ਤੱਤ ਸਨ, ਜਿਹੜੇ ਉਸ ਨੂੰ ਇੱਕ ਵੱਖਰੀ ਦਿੱਖ ਵਾਲਾ ਇਨਸਾਨ ਸਥਾਪਤ ਕਰਦੇ ਸਨ।”

ਵੇਦ ਮਰਵਾਹਾ ਅੱਗੋਂ ਛੋਟਾ ਸਿਰਲੇਖ ਦਿੰਦੇ ਹਨ - ‘ਪਹਿਲੀ ਗ੍ਰਿਫ਼ਤਾਰੀ’ ਲਿਖਤ ਅਨੁਸਾਰ – ”ਜਿੰਦਾ ਪਹਿਲੀ ਵਾਰ ਅਚਾਨਕ ਹੀ 1985 ਵਿਚ ਪੁਲੀਸ ਦੇ ਹੱਥ ਲੱਗ ਗਿਆ। ਉਦੋਂ ਦਿੱਲੀ ਵਿਚ ਲਗਾਤਾਰ ਬੈਂਕ ਲੁੱਟੇ ਜਾ ਰਹੇ ਸਨ ਪਰ ਪੁਲੀਸ ਨੂੰ ਕੋਈ ਸੂਹ ਨਹੀਂ ਸੀ ਮਿਲ ਰਹੀ। ਮੈਨੂੰ ਰੋਜ਼ਾਨਾ ਭਾਰਤ ਦੇ ਗ੍ਰਹਿ ਮੰਤਰੀ ਤੋਂ ਝਾੜਾਂ ਪੈ ਰਹੀਆਂ ਸਨ ਅਤੇ ਮੀਡੀਏ ਵਿਚ ਵੀ ਦਿੱਲੀ ਪੁਲੀਸ ਦੀ ਦੁਰਗਤ ਬਣ ਰਹੀ ਸੀ। ਉਦੋਂ ਤੱਕ ਸਾਨੂੰ ਚਿੱਤ ਚੇਤੇ ਵੀ ਨਹੀਂ ਸੀ ਕਿ ਇਨ੍ਹਾਂ ਬੈਂਕ ਡਕੈਤੀਆਂ ਨਾਲ ਪੰਜਾਬ ਦੇ ਦਹਿਸ਼ਤਗਰਦਾਂ ਦਾ ਵੀ ਕੋਈ ਸਬੰਧ ਹੋ ਸਕਦਾ ਹੈ। ਜਿੰਦੇ ਦੀ ਗ੍ਰਿਫ਼ਤਾਰੀ, ਇੱਕ ਛੋਟੇ ਦਰਜੇ ਦੀ ਜਾਣਕਾਰੀ ਦੇ ਆਧਾਰ ‘ਤੇ ਹੋਈ, ਜਿਸ ਦਾ ਸਬੰਧ ਕਿਸੇ ਕਾਰ ਦੀ ਚੋਰੀ ਨਾਲ ਸੀ। ਕ੍ਰਾਈਮ ਬਰਾਂਚ ਦੇ ਐਡੀਸ਼ਨਲ ਕਮਿਸ਼ਨਰ ਆਰ. ਕੇ. ਸ਼ਰਮਾ ਨੇ ਮੈਨੂੰ ਇੱਕ ਐਤਵਾਰ ਦੀ ਸਵੇਰ, ਫ਼ੋਨ ਕਰ ਕੇ ਜਿੰਦੇ ਦੀ ਗ੍ਰਿਫ਼ਤਾਰੀ ਦੀ ‘ਵੱਡੀ ਪ੍ਰਾਪਤੀ’ ਸਬੰਧੀ ਦੱਸਿਆ। ਉਦੋਂ ਪਹਿਲੀ ਵਾਰ ਦਿੱਲੀ ਪੁਲੀਸ ਨੂੰ ਪਤਾ ਲੱਗਾ ਕਿ ਉਨ੍ਹਾਂ ਨੇ ਇੱਕ ਅਚਾਨਕ ਇੱਕ ਮਾਰਕਾਖੇਜ਼ ਕੰਮ ਕੀਤਾ ਹੈ।”

ਮਰਵਾਹੇ ਦੀ ਲਿਖਤ ਦਾ ਅਗਲਾ ਸਿਰਲੇਖ ਹੈ –‘ਪੁੱਛ ਗਿੱਛ (ਇੰਟੈਰੋਗੇਸ਼ਨ)’ ਮਰਵਾਹੇ ਅਨੁਸਾਰ – ”ਮੈਂ ਆਪਣੇ ਘਰੋਂ ਫ਼ੌਰਨ ਕ੍ਰਾਈਮ ਬਰਾਂਚ ਇੰਟੈਰੋਗੇਸ਼ਨ ਸੈਂਟਰ ਪਹੁੰਚਿਆ ਅਤੇ ਇਸ ਸਧਾਰਨ ਜਿਹੀ ਦਿੱਖ ਵਾਲੇ ਵਿਅਕਤੀ ਦੀ ਇੱਕ ਘੰਟੇ ਤੋਂ ਜ਼ਿਆਦਾ ਸਮਾਂ ਪੁੱਛਗਿੱਛ (ਇਸ ਨੂੰ ਤਸ਼ੱਦਦ ਪੜ੍ਹਿਆ ਜਾਵੇ) ਕੀਤੀ। ਮੈਂ ਉਸ ਵੱਲੋਂ ਕਹਾਣੀ ਬਿਆਨ ਕਰਨ ਦੇ ਢੰਗ ਤੋਂ ਬੜਾ ਅਚੰਭਿਤ ਹੋਇਆ ਅਤੇ ਉਸ ਵੱਲੋਂ ਦੱਸੀਆਂ ਗਈਆਂ ਗੱਲਾਂ ਤੋਂ ਵੀ। ਉਸ ਦੀ ਖੱਲੜੀ ਵਿਚ ਡਰ ਨਾਂ ਦੀ ਕੋਈ ਚੀਜ਼ ਨਹੀਂ ਸੀ ਅਤੇ ਨਾ ਹੀ ਉਸ ਨੂੰ ਆਪਣੇ ਕੀਤੇ ਤੋਂ ਪਛਤਾਵਾ ਸੀ। ਉਹ ਤਾਂ ਬਾਲੀਵੁੱਡ ਦੀਆਂ ਫ਼ਿਲਮਾਂ ਦੇ ਅੰਦਾਜ਼ ਵਿਚ ਪੁਲੀਸ ਨੂੰ ਥਾਂ-ਥਾਂ ਝਕਾਨੀ ਦੇ ਕੇ ਨਿਕਲਣ ਦੇ ਕਾਰਨਾਮਿਆਂ ਨੂੰ ਬੜੇ ਚਸਕੇ ਲੈ ਕੇ ਸੁਣਾ ਰਿਹਾ ਸੀ। ਮੇਰੇ ਸਾਹਮਣੇ ਅੰਮ੍ਰਿਤਸਰ ਸ਼ਹਿਰ ਦਾ ਇੱਕ ਨੌਜਵਾਨ ਸਿੱਖ ਖੜ੍ਹਾ ਸੀ ਜਿਸ ਨੇ ਸਮੁੱਚੀ ਦਿੱਲੀ ਪੁਲੀਸ ਨੂੰ ਵਖਤ ਪਾਇਆ ਹੋਇਆ ਸੀ, ਇਸ ਤੱਥ ਦੀ ਵੀ ਉਹ ਨੂੰ ਬੜੀ ਖ਼ੁਸ਼ੀ ਸੀ। ਉਸ ਨੇ ਆਪਣੇ ਖ਼ਾਲਸਤਾਨੀ ਸੰਘਰਸ਼ ਵਿਚਲੇ ਰੋਲ ਨੂੰ ਘਟਾ ਕੇ ਦੱਸਿਆ ਪਰ ਦਿੱਲੀ (ਜਿਸ ਨੂੰ ਉਹ ਰਾਜਧਾਨੀ ਕਹਿਣ ਦੀ ਜ਼ਿਦ ਕਰਦਾ ਸੀ) ਵਿਚਲੀ ਬੈਂਕ ਡਕੈਤੀਆਂ ਸਬੰਧੀ ਉਸ ਨੇ ਬੜੇ ਮਾਣ ਨਾਲ ਖੁੱਲ੍ਹ ਕੇ ਦੱਸਿਆ। ਉਸ ਦਾ ਦਿੱਲੀ ਨੂੰ ਵਾਰ ਵਾਰ ‘ਰਾਜਧਾਨੀ’ ਕਹਿਣ ਤੋਂ ਵੀ ਇਹ ਹੀ ਭਾਵ ਸੀ, ਉਹ ਦਿੱਲੀ ਪੁਲੀਸ ਦਾ ਪੂਰਾ ਮਜ਼ਾਕ ਉਡਾ ਰਿਹਾ ਸੀ। ਉਦੋਂ ਭਾਵੇਂ ਸਾਨੂੰ ਉਸ ਦੀਆਂ ਗਤੀਵਿਧੀਆਂ ਬਾਰੇ ਪੂਰੀ ਜਾਣਕਾਰੀ ਨਹੀਂ ਸੀ ਪਰ ਉਹ ਗੱਲ ਕਰਨ ਲੱਗਿਆ ‘ਉਹ’ (ਭਾਰਤ ਸਰਕਾਰ) ਤੇ ਅਸੀਂ (ਖ਼ਾਲਸਤਾਨੀ) ਸ਼ਬਦਾਵਲੀ ਦੀ ਵਰਤੋਂ ਕਰ ਰਿਹਾ ਸੀ। ਮੈਨੂੰ ਉਦੋਂ ਮਹਿਸੂਸ ਹੋਇਆ ਕਿ ਉਹ ਮੇਰੇ ਨਾਲ, ਇੱਕ ‘ਪੁਲੀਸ ਮੁਖੀ’ ਦੇ ਤੌਰ ‘ਤੇ ਬਰਾਬਰ ਦੀ ਧਿਰ ਬਣ ਕੇ ਗੱਲ ਕਰ ਰਿਹਾ ਸੀ ( ਨਾ ਕਿ ਮੁਜਰਮ ਦੇ ਤੌਰ ‘ਤੇ) . ਉਸ ਨੂੰ ਫੇਰ ਅਸੀਂ ਗੁਜਰਾਤ ਪੁਲੀਸ ਦੇ ਹਵਾਲੇ ਕਰ ਦਿੱਤਾ, ਜਿੱਥੋਂ ਕਿ ਉਹ ਅਦਾਲਤ ਵਿਚ ਪੇਸ਼ੀ ਲਈ ਲਿਜਾਂਦੇ ਸਮੇਂ, ਪੁਲੀਸ ਹਿਰਾਸਤ ਵਿਚੋਂ ਫ਼ਰਾਰ ਹੋ ਗਿਆ। ਉਸ ਤੋਂ ਬਾਅਦ ਉਸ ਨੇ ਬੜੇ ਦਲੇਰਾਨਾ ਕੰਮ ਕੀਤੇ, ਜਿਨ੍ਹਾਂ ਵਿਚ ਲਲਿਤ ਮਾਕਨ ਐਮ. ਪੀ. ਤੇ ਅਰਜਨ ਦਾਸ ਆਦਿ ਸੰਜੇ ਗਾਂਧੀ ਦੇ ਨੇੜਲੇ ਸਾਥੀਆਂ ਦਾ ਮਾਰੇ ਜਾਣਾ ਵੀ ਸ਼ਾਮਲ ਸੀ। ਦਿੱਲੀ ਤੇ ਪੰਜਾਬ ਵਿਚ ਜਿੰਦੇ ਦੇ ਨਾਂ ਦੀ ਬੜੀ ਦਹਿਸ਼ਤ ਫੈਲ ਗਈ।”

ਵੇਦ ਮਰਵਾਹਾ ਫੇਰ, ਇੱਕ ਸਬ-ਹੈਡਿੰਗ ‘ਦੂਸਰੀ ਮੁਲਾਕਾਤ’ ਦਾ ਦਿੰਦਾ ਹੈ। ਉਸ ਅਨੁਸਾਰ - ‘ਅਗਸਤ, 1987 ਵਿਚ ਸਿਵਲ ਲਾਈਨਜ਼ ਏਰੀਏ ਵਿਚ ਹੋਏ, ਇੱਕ ਪੁਲੀਸ ਮੁਕਾਬਲੇ ਵਿਚ ਜਿੰਦਾ ਸਖ਼ਤ ਜ਼ਖਮੀ ਹਾਲਤ ਵਿਚ, ਦਿੱਲੀ ਪੁਲੀਸ ਨੇ ਦਬੋਚ ਲਿਆ। .. ਮੈਂ ਆਪਣੇ ਵਾਇਰਲੈੱਸ ਸੈੱਟ ‘ਤੇ ਜਿੰਦੇ ਦੀ ਗ੍ਰਿਫ਼ਤਾਰੀ ਬਾਰੇ ਸੁਣਿਆ ਅਤੇ ਕੁੱਝ ਮਿੰਟਾਂ ਵਿਚ ਹੀ ਪੁਲੀਸ ਸਟੇਸ਼ਨ ਪਹੁੰਚ ਗਿਆ। ਜਿੰਦੇ ਨੂੰ ਇੱਕ ਸਟਰੈਚਰ ‘ਤੇ ਪਾ ਕੇ ਐਂਬੂਲੈਂਸ ਵੱਲ ਲਿਜਾਇਆ ਜਾ ਰਿਹਾ ਸੀ, ਜਦੋਂਕਿ ਉਸ ਨੇ ਮੈਨੂੰ ਵੇਖ ਲਿਆ। ਉਸ ਨੇ ਮੁਸਕਰਾ ਕੇ ਮੇਰਾ ਸਵਾਗਤ ਕੀਤਾ। ਉਹ ਬੜੀ ਗੰਭੀਰ ਜ਼ਖਮੀ ਹਾਲਤ ਵਿਚ ਸੀ ਪਰ ਫਿਰ ਵੀ ਉਸ ਨੇ ਮੈਨੂੰ ਮਜ਼ਾਕੀਆ ਲਹਿਜ਼ੇ ਵਿਚ ਕਿਹਾ –‘ਮੁਬਾਰਕ ਹੋ, ਅਬ ਆਪ ਕੋ ਬਹੁਤ ਬੜੀ ਤਰੱਕੀ ਮਿਲੇਗੀ, ਦਿੱਲੀ ਪੁਲੀਸ ਨੇ ਮੁਝੇ ਪਕੜ ਲੀਆ ਹੈ।’ ਮੇਰੇ ਸਾਹਮਣੇ ਉਹ ਬੰਦਾ ਸੀ, ਜਿਹੜਾ ਮੌਤ ਦੇ ਮੂੰਹ ਵਿਚ ਜਾ ਰਿਹਾ ਸੀ ਪਰ ਉਹ ਇਨ੍ਹਾਂ ਪਲਾਂ ਵਿਚ ਵੀ ਬੇਪ੍ਰਵਾਹ ਹੋ ਕੇ ਮਜ਼ਾਕ ਕਰ ਰਿਹਾ ਸੀ। ਮੈਂ ਦੇਖ ਰਿਹਾ ਸੀ ਕਿ ਉਸ ਨੂੰ ਆਪਣੇ ਕਾਜ ਲਈ ਮਹਾਨ ਕੁਰਬਾਨੀ ਕਰਨ ਦੀ ਤਸੱਲੀ ਵੀ ਸੀ ਤੇ ਪੁਲੀਸ ਨੂੰ ਨੀਵਾਂ ਦਿਖਾਉਣ ਦਾ ਚਾਅ ਵੀ ਉਸ ਦਾ ਫ਼ੌਜੀ ਹਸਪਤਾਲ ਵਿਚ ਇਲਾਜ ਚੱਲਿਆ ਤੇ ਉਹ ਇੱਕ ਅਪਰੇਸ਼ਨ ਤੋਂ ਬਾਅਦ, ਕਰਾਮਾਤੀ ਤੌਰ ‘ਤੇ ਠੀਕ ਹੋ ਗਿਆ। ਮੈਂ ਉਸ ਨੂੰ ਡੀ. ਜੀ. ਪੀ. ਕ੍ਰਾਈਮ ਦੇ ਨਾਲ ਹਸਪਤਾਲ ਵਿਚ ਦੇਖਣ ਗਿਆ। ਪਰ ਇਸ ਵਾਰ ਮੈਂ ਪੁੱਛਗਿੱਛ ਲਈ ਨਹੀਂ ਗਿਆ ਪਰ ਉਸ ਇਨਸਾਨ ਨੂੰ ਮਿਲਣ ਗਿਆ, ਜਿਸ ਨੇ ਮੇਰੇ ਮਨ ‘ਚ ਵੀ ਸਤਿਕਾਰ ਦੀ ਥਾਂ ਬਣਾ ਲਈ ਸੀ। ਮੈਂ ਇਹ ਇਕਬਾਲ ਕਰਨਾ ਚਾਹੁੰਦਾ ਹਾਂ ਕਿ ਉਦੋਂ ਮੇਰੀਆਂ ਜਿੰਦੇ ਪ੍ਰਤੀ ਭਾਵਨਾਵਾਂ ਇੱਕ ਪ੍ਰੋਫੈਸ਼ਨਲ ਪੁਲੀਸ ਅਫ਼ਸਰ ਵਾਲੀਆਂ ਨਹੀਂ ਸਨ ਬਲਕਿ ਪ੍ਰਸ਼ੰਸਾ ਤੇ ਨਿੱਘ ਵਾਲੀਆਂ ਸਨ..’

ਖ਼ਾਲਸਤਾਨੀ ਸੰਘਰਸ਼ ਦੇ ਇਸ ਸਿਪਾਹ ਸਿਲਾਰ ਨੂੰ, ‘ਦੁਸ਼ਮਣ’ ਵੱਲੋਂ ਦਿੱਤੀ ਗਈ, ਇਸ ਸ਼ਰਧਾਂਜਲੀ ‘ਚੋਂ ਭਵਿੱਖ ਦੀਆਂ ਪੀੜੀਆਂ ਨੂੰ ਖ਼ਾਲਸਤਾਨੀ ਸੰਘਰਸ਼ ਦੇ ਯੋਧਿਆਂ ਦੀ ਅਸਲੀ ਤਸਵੀਰ ਨਜ਼ਰ ਆਵੇਗੀ।

9 ਅਕਤੂਬਰ ਦਾ ਦਿਨ, ਕੇਸਰੀ ਕਾਫ਼ਲੇ ਦੇ ਸਿਪਾਹ-ਸਿਲਾਰਾਂ ਲਈ ਪ੍ਰਣ ਦਿਵਸ ਹੈ। 30 ਮਿਲੀਅਨ ਸਿੱਖ ਕੌਮ ਵੱਲੋਂ ਉਤਸ਼ਾਹ ਤੇ ਸੂਰ ਵਿਚ ਸੰਘਰਸ਼ ਵਿਚ ਸ਼ਾਮਲ ਹੋਣ ਦੀ ਲੋੜ ਹੈ ਤਾਂ ਕਿ ਸ਼ਹੀਦਾਂ ਦੇ ਅਧੂਰੇ ਸੰਕਲਪ ਨੂੰ ਪੂਰਿਆਂ ਕੀਤਾ ਜਾ ਸਕੇ। ਭਾਈ ਜਿੰਦਾ-ਸੁੱਖਾ ਨੇ ਰਾਸ਼ਟਰਪਤੀ ਨੂੰ ਲਿਖੇ ਆਪਣੇ ਪੱਤਰ ਵਿਚ ਖ਼ਾਲਸਤਾਨੀ ਸੰਘਰਸ਼ ਦੀ ਠੀਕ ਤਰਜਮਾਨੀ ਕਰਦਿਆਂ ਬੜੇ ਫ਼ਖਰ ਨਾਲ ਲਿਖਿਆ ਸੀ ‘ਜਦੋਂ ਕੌਮਾਂ ਜਾਗਦੀਆਂ ਹਨ ਤਾਂ ਇਤਿਹਾਸ ਨੂੰ ਕੰਬਣੀ ਛਿੜ ਜਾਂਦੀ ਹੈ’ (When the Nations awake, History Shivers.) ਉਨ੍ਹਾਂ ਕਿਹਾ ਸੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ‘ਤੇ ਹਮਲੇ ਨੇ ਸਮੁੱਚੀ ਕੌਮ ਨੂੰ ਉਸ ਦੇ ਫ਼ਰਜ਼ ਦੀ ਯਾਦ ਕਰਵਾਈ ਹੈ ਤੇ ਹੁਣ ਕੌਮ ਨੇ ਤੁਹਾਡੀ ਗ਼ੁਲਾਮੀ ਦਾ ਜੂਲ਼ਾ ਪਰ੍ਹਾਂ ਵਗਾਹ ਕੇ ਖ਼ਾਲਿਸਤਾਨ ਦੀ ਮੰਜ਼ਿਲ ਵੱਲ ਚੜ੍ਹਾਈ ਕੀਤੀ ਹੋਈ ਹੈ।

ਖ਼ਾਲਸਾ ਜੀ! ਆਪਣੇ ਕੌਮੀ ਫ਼ਰਜ਼ ਦੀ ਪਛਾਣ ਕਰੀਏ। ਇਹਨਾਂ ਦੋ ਮਰਜੀਵੜਿਆਂ ਨੂੰ ਸੱਚੀ ਸ਼ਰਧਾਂਜਲੀ ਖ਼ਾਲਿਸਤਾਨ ਦੀ ਮੰਜ਼ਿਲ ਵੱਲ ਕਦਮ ਵਧਾ ਕੇ ਦੇਈਏ! ਗੁੱਸੇ-ਗਿਲੇ, ਤੁਹਮਤਾਂ, ਦਿਲਗੀਰੀਆਂ ਨੂੰ ਪਰ੍ਹੇ ਵਗਾਹ ਮਾਰੀਏ। ਖ਼ਾਲਸਾਈ ਭਾਵਨਾ ਦਾ ਪ੍ਰਗਟਾਵਾ ਕਰਦਿਆਂ ਗੁਰਸਿੱਖ ਪਛਾਣ ਨੂੰ ਗੁਰੂ ਰੂਪ ਜਾਣ ਕੇ ਸੱਚੇ-ਸੁੱਚੇ ਪਿਆਰ ਦਾ ਪ੍ਰਗਟਾਵਾ ਸਾਡੀ ਨਿੱਜੀ ਅਤੇ ਕੌਮੀ ਜ਼ਿੰਦਗੀ ਦਾ ਅਟੁੱਟ ਹਿੱਸਾ ਬਣੇ। ਸਾਡੀ ਸਾਂਝੀ ਤਾਕਤ ਦੇ ਸਾਹਮਣੇ ਦੁਸ਼ਮਣ ਜ਼ਿਆਦਾ ਦੇਰ ਟਿਕ ਨਹੀਂ ਸਕੇਗਾ ਤੇ ਸਤਿਗੁਰੂ ਖ਼ਾਲਸੇ ਦਾ ਘਰ ‘ਖ਼ਾਲਿਸਤਾਨ’ ਜ਼ਰੂਰ ਬਖ਼ਸ਼ਣਗੇ। ਭਾਈ ਜਿੰਦਾ-ਸੁੱਖਾ ਦੀ ਸ਼ਹਾਦਤ ਦਾ ਰੁਤਬਾ ਅੱਵਲ ਹੈ।

**- ਡਾ.ਅਮਰਜੀਤ ਸਿੰਘ ਵਾਸ਼ਿੰਗਟਨ**

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

ਪੇਧਨੀ ਕਲਾ ਵਿਖੇ

# ਧੰਨ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਅਵਤਾਰ ਦਿਹਾੜਾ ਮਨਾਇਆ



ਧੂਰੀ ( ਰਣਜੀਤ ਸਿੰਘ ਪੇਧਨੀ ) ਪਿਛਲੇ ਲੰਮੇ ਸਮੇਂ ਤੋਂ ਸੰਤ ਬਾਬਾ ਮਹਿੰਦਰ ਸਿੰਘ ਕਹੇਰੂ ਅਤੇ ਗੁਰਦੁਆਰਾ ਦੇਹਰਾ ਸਾਹਿਬ ਦੇ ਹੈਂਡ ਗ੍ਰੰਥੀ ਬਾਬਾ ਪਰਮਜੀਤ ਸਿੰਘ ਦੀ ਅਗਵਾਈ ਹੇਠ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਅਵਤਾਰ ਦਿਹਾੜਾ ਸੰਗਤਾਂ ਦੇ ਸਹਿਯੋਗ ਨਾਲ ਬੜੀ ਹੀ ਸ਼ਰਧਾ ਭਾਵਨਾ ਨਾਲ ਪਿੰਡ ਪੇਧਨੀ ਕਲਾਂ ਵਿਖੇ ਮਨਾਇਆ ਗਿਆ । ਇਸ ਮੌਕੇ ਸੰਤ ਬਾਬਾ ਹਰਜਿੰਦਰ ਸਿੰਘ ਖਾਲਸਾ ( ਖਾਲਸਾ ਫਾਰਮ ਭੀਖੀ ਵਾਲੇ), ਸੰਤ ਬਾਬਾ ਜਗਰੂਪ ਸਿੰਘ ਕੱਟੂ ਵਾਲੇ, ਸੰਤ ਬਾਬਾ ਹਰਬੰਸ ਸਿੰਘ ਜੈਨਪੁਰ ਵਾਲਿਆ ਨੇ ਸੰਗਤਾਂ ਨੂੰ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੋੜਨਾ ਕੀਤਾ ਅਤੇ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਇਤਿਹਾਸ ਬਾਰੇ ਚਾਨਣਾ ਪਾਇਆ। ਬੀਬੀ ਸਰਨਜੀਤ ਕੌਰ ਮੈਬਰ ਐਸ,ਜੀ,ਪੀ,ਸੀ, ਉਨ੍ਹਾਂ ਦੇ ਸਪੁੱਤਰ ਸਰਪੰਚ ਅਮਰੀਕ ਸਿੰਘ ਕਿਲਾ ਹਕੀਮਾਂ ਵੱਲੋ ਗੁਰਦੁਆਰਾ ਦੇਹਰਾ ਸਾਹਿਬ ਨੂੰ ਵਾਜਾਂ ਜੋੜੀ ਭੇਟ ਕੀਤੀ ਗਈ । ਇਸ ਮੌਕੇ ਸੰਤ ਬਾਬਾ ਭਰਭੂਰ ਸਿੰਘ ਸੇਖਾ ਜਲੂਰ, ਭਾਈ ਨਰਿੰਦਰ ਸਿੰਘ ਕਾਲਾਬੂਲਾ, ਭਾਈ ਜਸਵੀਰ ਸਿੰਘ ਧੂਰਾ ,ਸੰਤ ਬਾਬਾ ਗੁਰਮੀਤ ਸਿੰਘ ਪੇਧਨੀ, ਗੁਰਧਿਆਨ ਸਿੰਘ ਹੈੱਡ ਗ੍ਰੰਥੀ ਗੁਰਦੁਆਰਾ ਮੰਜੀ ਸਾਹਿਬ ਮੂਲੋਵਾਲ, ਸਾਧੂ ਸਿੰਘ ਪੇਧਨੀ, ਨਰਿੰਦਰ ਸਿੰਘ ਪੇਧਨੀ, ਗੁਰਸੇਵਕ ਸਿੰਘ, ਗੁਰਜੰਟ ਸਿੰਘ, ਗੁਰਮੀਤ ਸਿੰਘ ਧਾਲੀਵਾਲ, ਚਮਕੌਰ ਸਿੰਘ ਧਾਲੀਵਾਲ, ਗੁਰਸਾਗਰ ਸਿੰਘ , ਗੁਰਦਿੱਤ ਸਿੰਘ, ਜਤਿੰਦਰ ਸਿੰਘ, ਊਧਮ ਸਿੰਘ, ਲਖਵਿੰਦਰ ਸਿੰਘ, ਹਾਜਰ ਸਨ।

ਸੰਗਰੂਰ ਜ਼ਿਲ੍ਹੇ 'ਚ ਬਿਜਲੀ ਦੇ ਬੁਨਿਆਦੀ ਢਾਂਚੇ ਦੇ ਵਿਕਾਸ 'ਤੇ 149 ਕਰੋੜ ਰੁਪਏ ਖ਼ਰਚੇ ਜਾਣਗੇ

# ਪੰਜਾਬ ਦੇਸ਼ ਦਾ ਪਹਿਲਾ ਪਾਵਰ ਕੱਟ ਮੁਕਤ ਸੂਬਾ ਬਣੇਗਾ : ਅਸ਼ੋਕ ਕੁਮਾਰ ਸਿੰਗਲਾ



ਸੰਗਰੂਰ ( ਰਣਜੀਤ ਸਿੰਘ ਪੇਧਨੀ ) ਸੰਗਰੂਰ ਜ਼ਿਲ੍ਹੇ 'ਚ ਬਿਜਲੀ ਸਪਲਾਈ ਦੇ ਬੁਨਿਆਦੀ ਢਾਂਚੇ ਦੇ ਵਿਕਾਸ 'ਤੇ 149 ਕਰੋੜ ਰੁਪਏ ਖ਼ਰਚ ਕੀਤੇ ਜਾਣਗੇ ਤਾਂ ਕਿ ਜ਼ਿਲ੍ਹਾ ਵਾਸੀਆਂ ਨੂੰ ਹੋਰ ਬਿਹਤਰ ਤੇ ਸੁਚਾਰੂ ਢੰਗ ਨਾਲ ਬਿਜਲੀ ਸਪਲਾਈ ਕੀਤੀ ਜਾ ਸਕੇ। ਇਹ ਪ੍ਰਗਟਾਵਾ ਪੰਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਸ੍ਰੀ ਅਸ਼ੋਕ ਕੁਮਾਰ ਸਿੰਗਲਾ ਨੇ ਅੱਜ ਬਿਜਲੀ ਦੇ ਬੁਨਿਆਦੀ ਢਾਂਚੇ ਦੀ ਉਸਾਰੀ, ਵਾਧੇ ਅਤੇ ਨਵੀਨੀਕਰਨ ਦੇ ਕੰਮਾਂ ਲਈ ਕਰਵਾਏ ਜਾ ਰਹੇ ਵਰਚੂਅਲ ਸੂਬਾ ਪੱਧਰੀ ਸਮਾਗਮ 'ਚ ਸੰਗਰੂਰ ਦੇ ਮੰਗਵਾਲ ਗਰਿੱਡ ਤੋਂ ਸ਼ਮੂਲੀਅਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਵੱਲੋਂ ਮਿਸ਼ਨ ਰੋਸ਼ਨ ਪੰਜਾਬ ਤਹਿਤ ਸੂਬੇ ਨੂੰ ਦੇਸ਼ ਦਾ ਪਹਿਲਾ ਪਾਵਰ ਕੱਟ ਰਾਜ ਬਣਾਉਣ ਲਈ 5 ਹਜ਼ਾਰ ਕਰੋੜ ਰੁਪਏ ਦੇ ਬਿਜਲੀ ਅਪਗਰੇਡੇਸ਼ਨ ਦੇ ਕੰਮ ਦੀ ਸ਼ੁਰੂਆਤ ਕੀਤੀ ਹੈ, ਜਿਸ ਤਹਿਤ ਸੰਗਰੂਰ ਵਿਖੇ 149 ਕਰੋੜ ਰੁਪਏ ਨਾਲ ਫੀਡਰ ਡੀ ਲੋਡਿੰਗ, ਨਵੇਂ ਟਰਾਂਸਫ਼ਾਰਮਰ, ਨਵੇਂ 66 ਕੇ.ਵੀ. ਸਬ ਸਟੇਸ਼ਨ, ਪਾਵਰ ਟਰਾਂਸਫ਼ਾਰਮਰ ਤੇ 66 ਕੇ.ਵੀ. ਲਾਈਨ ਵਰਕ ਦਾ ਕੰਮ ਕੀਤਾ ਜਾਵੇਗਾ। ਸ਼੍ਰੀ ਅਸ਼ੋਕ ਕੁਮਾਰ ਸਿੰਗਲਾ ਨੇ ਦੱਸਿਆ ਕਿ ਅੱਜ 66 ਕੇ.ਵੀ. ਗਰਿੱਡ ਮੰਗਵਾਲ ਵਿਖੇ 11 ਕੇ.ਵੀ. ਨਾਭਾ ਗੇਟ, ਅੰਬੇਡਕਰ ਨਗਰ, ਨਵਾਂ ਮੰਗਵਾਲ ਸ਼ਹਿਰੀ ਫੀਡਰ, ਸੰਗਰੂਰ ਐਗਰੋ ਕੈਟਾਗਰੀ, ਮੰਗਵਾਲ ਏ.ਪੀ. ਅਤੇ ਨਾਈਵਾਲ ਏ.ਪੀ. ਫੀਡਰਾਂ ਦੇ ਪੁਰਾਣੇ 11 ਕੇ.ਵੀ. ਬ੍ਰੇਕਰਾਂ ਨੂੰ ਨਵੇਂ 11 ਕੇ.ਵੀ. ਬ੍ਰੇਕਰਾਂ ਨਾਲ ਬਦਲ ਕੇ ਸੰਗਰੂਰ ਜ਼ਿਲ੍ਹੇ ਵਿੱਚ ਨਵੀਨੀਕਰਨ ਦੇ ਕੰਮ ਦੀ ਸ਼ੁਰੂਆਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿਹਾ ਕਿ ਪਿਛਲੇ ਸਾਢੇ ਤਿੰਨ ਸਾਲਾਂ ਵਿੱਚ ਪੰਜਾਬ ਸਰਕਾਰ ਵੱਲੋਂ ਬਿਜਲੀ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਵੱਲ ਵਿਸ਼ੇਸ਼ ਤਵੱਜੋ ਦਿੱਤੀ ਗਈ ਹੈ, ਜਿਸ ਦੀ ਉਦਾਹਰਣ ਸਾਲ 2022 ਵਿੱਚ ਸਰਕਾਰ ਬਣਨ ਦੇ ਕੁਝ ਮਹੀਨਿਆਂ ਬਾਅਦ ਹੀ ਪਛਵਾੜਾ ਕੋਲਾ ਖਾਣ ਤੋਂ ਕੋਲੇ ਦੀ ਸਪਲਾਈ ਮੁੜ ਸ਼ੁਰੂ ਕਰਨ ਅਤੇ ਸਰਕਾਰ ਵੱਲੋਂ ਗੋਇੰਦਵਾਲ ਪਾਵਰ ਪਲਾਂਟ ਨੂੰ ਨਿੱਜੀ ਕੰਪਨੀ ਤੋਂ ਖ਼ਰੀਦ ਕੇ ਬਿਜਲੀ ਦੇ ਖੇਤਰ ਵਿੱਚ ਨਵਾਂ ਇਤਿਹਾਸ ਰਚੇ ਜਾਣ ਸਮੇਤ 88 ਹਜ਼ਾਰ ਨਵੇਂ ਟਰਾਂਸਫ਼ਾਰਮਰ ਲਗਾਉਣੇ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਅੱਜ ਮਿਸ਼ਨ ਰੋਸ਼ਨ ਪੰਜਾਬ ਦੇ ਤਹਿਤ ਇਸ ਖੇਤਰ ਵਿੱਚ ਹੋਰ ਵਿਕਾਸ ਦੇ ਕੰਮਾਂ ਦੀ ਸ਼ੁਰੂਆਤ ਕੀਤੀ ਗਈ ਹੈ। ਸੰਗਰੂਰ ਦੇ ਐਮ.ਐਲ.ਏ. ਮੈਡਮ ਨਰਿੰਦਰ ਕੌਰ ਭਰਾਜ ਦੀ ਤਰਫ਼ੋਂ ਪੁੱਜੇ ਉਨ੍ਹਾਂ ਦੇ ਨੁਮਾਇੰਦੇ ਸ੍ਰੀ ਗੁਰਵਿੰਦਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਜਿਥੇ ਬਿਜਲੀ ਸੁਧਾਰਾਂ ਲਈ ਕ੍ਰਾਂਤੀਕਾਰੀ ਕਦਮ ਚੁੱਕੇ, ਉਥੇ ਹੀ ਸਰਕਾਰ ਨੇ ਸਾਲ 2022 ਤੋਂ ਹੀ ਸੂਬਾ ਵਾਸੀਆਂ ਨੂੰ 300 ਯੂਨਿਟ ਪ੍ਰਤੀ ਮਹੀਨਾ ਮੁਫ਼ਤ ਬਿਜਲੀ ਦੀ ਸੌਗਾਤ ਦਿੱਤੀ ਹੈ, ਜਿਸ ਦਾ ਸੂਬੇ ਦੇ 90 ਫ਼ੀਸਦੀ ਘਰਾਂ ਨੂੰ ਲਾਭ ਜ਼ੀਰੋ ਬਿਜਲੀ ਬਿੱਲ ਨਾਲ ਮਿਲ ਰਿਹਾ ਹੈ। ਇਸ ਪਹਿਲਕਦਮੀ ਨੇ ਆਮ ਆਦਮੀ ਦੀ ਜੇਬ ਤੋਂ ਵੱਡਾ ਬੋਝ ਘਟਿਆ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਬਿਜਲੀ ਸਬੰਧੀ ਸ਼ਿਕਾਇਤਾਂ ਨੂੰ ਦੂਰ ਕਰਨ ਲਈ ਪੰਜਾਬ ਸਰਕਾਰ ਵੱਲੋਂ ਸਥਾਪਤ ਕਾਲ ਸੈਂਟਰ ਵਿਖੇ 120 ਮੈਂਬਰਾਂ ਦੀ ਟੀਮ ਨੂੰ ਵਧਾਕੇ 300 ਕੀਤਾ ਗਿਆ ਹੈ ਤਾਂ ਜੋ ਖਪਤਕਾਰਾਂ ਦੀ ਸ਼ਿਕਾਇਤਾਂ ਦਾ ਨਿਪਟਾਰਾ ਹੋਰ ਤੇਜ਼ੀ ਨਾਲ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਅੱਜ ਜਿਹੜੇ ਬਿਜਲੀ ਦੇ ਬੁਨਿਆਦੀ ਢਾਂਚੇ ਦੀ ਉਸਾਰੀ, ਵਾਧੇ ਅਤੇ ਨਵੀਨੀਕਰਨ ਦੇ ਕੰਮਾਂ ਦੀ ਸ਼ੁਰੂਆਤ ਕੀਤੀ ਗਈ ਹੈ, ਇਹ ਸੂਬੇ ਦੀਆਂ 2035 ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖ ਕੇ ਕੀਤੀ ਜਾ ਰਹੀ ਹੈ ਜਿਸ ਦਾ ਸੂਬਾ ਵਾਸੀਆਂ ਨੂੰ ਵੱਡਾ ਲਾਭ ਹੋਵੇਗਾ। ਇਸ ਮੌਕੇ ਡਿਪਟੀ ਚੀਫ਼ ਇੰਜੀਨੀਅਰ ਡੀ.ਐਸ. ਸਰਕਲ ਸੰਗਰੂਰ ਇੰਜ. ਰਘੂਰੀਤ ਸਿੰਘ ਬਰਾੜ, ਇੰਜ. ਵਰਿੰਦਰ ਦੀਪਕ, ਇੰਜ. ਪੰਕਜ ਗਰਗ ਅਤੇ ਇੰਜ. ਕੇਸਰ ਸਿੰਘ ਸਮੇਤ ਵੱਡੀ ਗਿਣਤੀ ਇਲਾਕਾ ਨਿਵਾਸੀ ਮੌਜੂਦ ਸਨ।

# ਜੰਡਿਆਲਾ ਸ਼ਹਿਰ ਦੇ ਕਰੀਬ 94 ਫੀਸਦੀ ਲੋਕਾਂ ਦੇ ਬਿਜਲੀ ਦੇ ਬਿੱਲ ਆ ਰਹੇ ਹਨ ਜੀਰੋ-ਈਟੀਓ

## 34 .24 ਲੱਖ ਰੁਪਏ ਦੀ ਲਾਗਤ ਨਾਲ ਬਣੇ 11 ਕੇਵੀ ਫੀਡਰ ਦਾ ਕੀਤਾ ਉਦਘਾਟਨ



**ਜੰਡਿਆਲਾ ਗੁਰੂ, 8 ਅਕਤੂਬਰ ( ਕੁਲਵੰਤ ਸਿੰਘ ਵਿਰਦੀ )**-ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ ਵਧੀਆ ਤੇ ਨਿਰਵਿਘਨ ਬਿਜਲੀ ਮੁਹਈਆ ਕਰਵਾਉਣ ਲਈ ਵਚਨਬਧ ਹੈ ਅਤੇ ਇਸੇ ਹੀ ਲੜੀ ਦੇ ਤਹਿਤ ਅੱਜ ਸੂਬੇ ਭਰ ਵਿੱਚ ਨਵੇਂ ਫੀਡਰਾਂ ਦੇ ਉਦਘਾਟਨ ਕੀਤੇ ਜਾਹੇ ਹਨ ਤਾਂ ਜੋ ਲੋਕਾਂ ਨੂੰ ਬਿਜਲੀ ਦੀ ਕਿਸੇ ਪ੍ਰਕਾਰ ਦੀ ਕੋਈ ਸਮੱਸਿਆ ਨਾ ਆਵੇ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਕੈਬਨਟ ਮੰਤਰੀ ਪੰਜਾਬ ਸਰਦਾਰ ਹਰਭਜਨ ਸਿੰਘ ਈਟੀਓ ਨੇ ਅੱਜ ਜੰਡਿਆਲਾ ਗੁਰੂ ਹਲਕੇ ਦੇ ਵਸਨੀਕਾ ਨੂੰ ਬਿਹਤਰ ਬਿਜਲੀ ਦੀ ਸਪਲਾਈ ਦੇਣ ਹਿੱਤ ਨਵੇ ਫੀਡਰ ਦਾ ਉਦਘਾਟਨ ਕਰਨ ਉਪਰੰਤ ਕੀਤਾ। ਉਹਨਾਂ ਦੱਸਿਆ ਕਿ ਇਸ ਨਵੇਂ ਬਣੇ 11 ਕੇ ਵੀ ਫੀਡਰ ਦਾ ਨਾਂ ਸ਼ਹੀਦ ਉਧਮ ਸਿੰਘ ਫੀਡਰ (ਕੈਟਾਗਰੀ-1) ਰੱਖਿਆ ਗਿਆ ਹੈ ਅਤੇ ਇਹ ਫੀਡਰ ਇਹ ਜੰਡਿਆਲਾ ਗੁਰੂ ਹਲਕੇ ਅਧੀਨ ਸ਼ਹਿਰ ਜੰਡਿਆਲਾ ਗੁਰੂ ਨੂੰ 24 ਘੰਟੇ ਬਿਜਲੀ ਦੀ ਨਿਰਵਿਘਨ ਸਪਲਾਈ ਦੇਣ ਲਈ ਉਸਾਰਿਆ ਗਿਆ ਹੈ। ਕੈਬਨਟ ਮੰਤਰੀ ਨੇ ਦੱਸਿਆ ਕਿ ਪਹਿਲਾ ਜੰਡਿਆਲਾ ਗੁਰੂ ਸ਼ਹਿਰ ਵਿਖੇ ਸਿਟੀ-1, ਸਿਟੀ-2, ਸਿਟੀ-3 ਅਤੇ ਐਮ ਈ ਐਸ ਫੀਡਰਾ ਰਾਹੀ ਬਿਜਲੀ ਸਪਲਾਈ ਦਿੱਤੀ ਜਾਦੀ ਹੈ ਅਤੇ ਇਹਨਾ ਵਿਚੋ 11 ਕੇ ਵੀ ਫੀਡਰ ਸਿਟੀ-1 ਉਪਰ 5.56 ਐਮ ਵੀ ਏ ਲੋਡ ਅਤੇ ਸਿਟੀ-2 ਉਪਰ 7.02 ਐਮ ਵੀ ਏ ਲੋਡ (ਕੁੱਲ ਲੋਡ 12.58 ਐਮ ਵੀ ਏ ) ਚੱਲਣ ਕਾਰਨ ਉਵਰਲੋਡ ਹੋ ਰਿਹਾ ਸੀ। ਜਿਸ ਕਾਰਨ ਹੁਣ ਨਵੇ 11 ਕੇ ਵੀ ਫੀਡਰ ਸ਼ਹੀਦ ਊਧਮ ਸਿੰਘ (ਕੈਟਾਗਰੀ-1) ਉਪਰ 3.08 ਐਮ ਵੀ ਏ ਲੋਡ ਪਾਉਣ ਨਾਲ ਇਹ ਦੋਨੋ ਫੀਡਰ ਅੰਡਰਲੋਡ ਹੋਣ ਜਾਣਗੇ ਅਤੇ ਇਸ ਨਵੇ ਉਸਾਰੇ ਗਏ ਫੀਡਰ ਨਾਲ ਜੰਡਿਆਲਾ ਗੁਰੂ ਸ਼ਹਿਰ ਵਾਸੀਆ ਨੂੰ ਨਿਰਵਿਘਨ ਬਿਜਲੀ ਸਪਲਾਈ ਮਿਲੇਗੀ ।ਇਸ ਕੰਮ ਤੇ ਪਾਵਰ ਕਾਮ ਦਾ 32.24 ਲੱਖ ਰੁਪਏ ਦਾ ਖਰਚਾ ਆਇਆ ਹੈ। ਇਹ ਨਵਾ ਫੀਡਰ 132 ਕੇ ਵੀ ਸ/ਸ ਜੰਡਿਆਲਾ ਗੁਰੂ ਤੋ ਉਸਾਰਿਆ ਗਿਆ ਹੈ ।ਇਸ ਫੀਡਰ ਨੂ ਉਸਾਰਨ ਲਈ 11 KV C/C XLPE Cable AE ਪਾਈ ਗਈ ਹੈ ਤਾਂ ਜੋ ਮੀਹ ਹਨੇਰੀ ਦੋਰਾਨ ਖਰਾਬ ਮੋਸਮ ਵਿਚ ਵੀ ਬਿਜਲੀ ਸਪਲਾਈ ਪ੍ਰਭਾਵਿਕ ਨਾ ਹੋਵੇ ਅਤੇ ਸ਼ਹਿਰ ਵਾਸੀਆ ਨੂੰ ਬਿਹਤਰ ਬਿਜਲੀ ਸਪਲਾਈ ਦਿੱਤੀ ਜਾਵੇ। ਸਰਦਾਰ ਈਟੀਓ ਨੇ ਦੱਸਿਆ ਕਿ ਜੰਡਿਆਲਾ ਸ਼ਹਿਰ ਵਿੱਚ ਕਰੀਬ 94 ਫੀਸਦੀ ਲੋਕਾਂ ਦੇ ਬਿੱਲ ਜੀਰੋ ਆ ਰਹੇ ਹਨ ਅਤੇ ਬਿਜਲੀ ਵਿਭਾਗ ਵੱਲੋਂ ਕਰੀਬ 150 ਰੁਪਏ ਖਰਚ ਕਰਕੇ ਸ਼ਹਿਰ ਵਾਸੀਆਂ ਨੂੰ ਨਿਰਵਿਗਨ ਬਿਜਲੀ ਸਪਲਾਈ ਕਰਨਾ ਯਕੀਨੀ ਬਣਾਇਆ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਇਸ ਦੇ ਨਾਲ ਨਾਲ ਅਸੀਂ ਕਿਸਾਨਾਂ ਨੂੰ ਵੀ ਲਗਾਤਾਰ ਬਿਜਲੀ ਸਪਲਾਈ ਮੁਹੱਈਆ ਕਰਵਾ ਰਹੇ ਹਾਂ।

# ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਪ੍ਰਕਾਸ ਗੁਰਪੁਰਬ ਮੌਕੇ ਤੇ ਸਰਾਬ ਮੀਟ ਪਾਨ ਬੀੜੀਆਂ ਤਮਾਕੂ ਦੁਕਾਨਾਂ ਬੰਦ ਰੱਖਣ ਦਾ ਐਲਾਨ ਸ਼ਲਾਘਾਯੋਗ

## ਡਿਪਟੀ ਕਮਿਸਨਰ ਸਾਕਸ਼ੀ ਸਾਹਨੀ ਨੂੰ ਸਮਾਜ ਸੁਧਾਰ ਐਵਾਰਡ ਨਾਲ ਸਨਮਾਨਿਤ ਕੀਤਾ ਜਾਵੇਗਾ ਰਣਜੀਤ ਸਿੰਘ ਭੋਮਾ

**ਜੰਡਿਆਲਾ ਗੁਰੂ , 8 ਅਕਤੂਬਰ ( ਕੁਲਵੰਤ ਸਿੰਘ ਵਿਰਦੀ )**-ਸਮਾਜ ਸੁਧਾਰ ਸੰਸਥਾ ਪੰਜਾਬ ਦੇ ਪ੍ਧਾਨ ਰਣਜੀਤ ਸਿੰਘ ਭੋਮਾ ਨੇ ਕਿਹਾ ਕਿ ਗੁਰੂ ਨਗਰੀ ਸੀ੍ ਅੰਮ੍ਰਿਤਸਰ ਸਾਹਿਬ ਜੀ ਨਗਰੀ ਧੰਨ ਗੁਰੂ ਰਾਮਦਾਸ ਸਾਹਿਬ ਜੀ ਮਹਾਰਾਜ ਜੀ ਦੇ ਪ੍ਕਾਸ ਗੁਰਪੁਰਬ ਮੋਕੇ ਤੇ ਸਚਖੰਡ ਸੀ੍ ਹਰਿਮੰਦਰ ਸਾਹਿਬ ਜੀ ਅੰਮ੍ਰਿਤਸਰ ਸਾਹਿਬ ਜੀ ਦੇ ਰੋਜਾਨਾ ਲੱਖਾਂ ਸੰਗਤਾਂ ਦਰਸ਼ਨ ਕਰਨ ਆਉਦੀਆਂ ਹਨ ਅਤੇ ਵਾਲਿਆਂ ਦੇ ਆਉਣ ਜਾਣ ਵਾਲਿਆਂ ਦੇ ਚਾਰੇ ਪਾਸੇ ਬਜਾਰਾਂ ਰਸਤਿਆਂ ਬਜਾਰਾਂ ਵਿਚ ਪੈਦੀਆਂ ਇਨਾਂ ਦੁਕਾਨਾਂ ਕਰਕੇ ਸੰਗਤਾਂ ਦੀ ਸਰਧਾ ਭਾਵਨਾ ਨੂੰ ਭਾਰੀ ਠੇਸ ਪਹੁੰਚਦੀ ਹੈ ਅਤੇ ਇਨਾਂ ਸਰਾਬ ਦੇ ਠੇਕੇ ਪਾਨ ਬੀੜੀਆਂ ਮੀਟ ਤਮਾਕੂ ਦੀਆਂ ਸਾਰੀਆਂ ਦੁਕਾਨਾਂ ਗੁਰਪੁਰਬ ਮੋਕੇ ਤੇ ਪੱਕੇ ਤੌਰ ਬੰਦ ਰੱਖਣ ਲਈ ਪਿਛਲੇ ਦਿਨੀ ਡਿਪਟੀ ਕਮਿਸਨਰ ਅੰਮ੍ਰਿਤਸਰ ਨੂੰ ਸਮੂਹ ਜਥੇਬੰਦੀਆਂ ਦੇ ਸਹਿਯੋਗ ਨਾਲ ਮੰਗ ਪੱਤਰ ਦਿੱਤਾ ਗਿਆ ਸੀ ਉਸ ਮੰਗ ਪੱਤਰ ਨੂੰ ਸਵੀਕਾਰ ਕਰਦਿਆਂ ਡਿਪਟੀ ਕਮਿਸਨਰ ਅੰਮ੍ਰਿਤਸਰ ਨੇ ਧੰਨ ਗੁਰੂ ਰਾਮਦਾਸ ਸਾਹਿਬ ਜੀ ਪ੍ਕਾਸ ਗੁਰਪੁਰਬ ਮੌਕੇ ਮੀਟ ਪਾਨ ਬੀੜੀਆਂ ਤਮਾਕੂ ਸਰਾਬ ਦੇ ਠੇਕੇ ਬੰਦ ਰੱਖਣ ਲਈ ਸਰਕਾਰੀ ਆਦੇਸ਼ ਕੀਤਾ ਗਿਆ ਜੋ ਬਹੁਤ ਹੀ ਸਲਾਘਾਯੋਗ ਹੈ ਪ੍ਧਾਨ ਰਣਜੀਤ ਸਿੰਘ ਭੋਮਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਅਪੀਲ ਕਰਦਿਆਂ ਕਿਹਾ ਕਿ ਸੀ੍ ਅੰਮ੍ਰਿਤਸਰ ਸਾਹਿਬ ਜੀ ਪਵਿੱਤਰ ਸ਼ਹਿਰ ਦਾ ਦਰਜਾ ਚੋਣ ਮੈਨੀਫੈਸਟੋ ਵਾਅਦਾ ਪਹਿਲ ਦੇ ਅਧਾਰ ਤੇ ਕਾਸੀ ਹਰਿਦੁਆਰ ਅਯੁੱਧਿਆ ਕੁਰਕਛੇਤਰ ਮਥਰਾ ਪਰਗਾਰਾਦਾਸ ਮੱਧਪ੍ਦੇਸ਼ ਦੇ ਵੱਖ ਵੱਖ ਹਿੰਦੂ ਤੀਰਥਾਂ ਅਸਥਾਨਾਂ ਵਾਗ ਪਵਿੱਤਰ ਸ਼ਹਿਰ ਦਾ ਦਰਜਾ ਦਿੱਤਾ ਜਾਵੇ ਡਿਪਟੀ ਕਮਿਸਨਰ ਅੰਮ੍ਰਿਤਸਰ ਸਾਕਸ਼ੀ ਸਾਹਨੀ ਵੱਲੋਂ ਪ੍ਕਾਸ ਗੁਰਪੁਰਬ ਮੌਕੇ ਸਰਾਬ ਮੀਟ ਪਾਨ ਬੀੜੀਆਂ ਤਮਾਕੂ ਦੁਕਾਨਾਂ ਬੰਦ ਕਰਨ ਦਾ ਐਲਾਨ ਕਰਨਾ ਤੇ ਡਿਪਟੀ ਕਮਿਸਨਰ ਅੰਮ੍ਰਿਤਸਰ ਸਾਕਸ਼ੀ ਸਾਹਨੀ ਨੂੰ ਸਮਾਜ ਸੁਧਾਰ ਐਵਾਰਡ ਨਾਲ ਜਲਦੀ ਸਨਮਾਨਿਤ ਕੀਤਾ ਜਾਵੇਗਾ ਤੇ ਆਖਰੀ ਸਵਾਸਾਂ ਤੱਕ ਪਵਿੱਤਰਤਾ ਬਹਾਲੀ ਹੋਣ ਤੱਕ ਸੰਘਰਸ਼ ਜਾਰੀ ਰਹੇਗਾ ਤੇ ਪਵਿੱਤਰਤਾ ਬਹਾਲੀ ਹੋਣ ਤੇ ਮੁੱਖ ਮੰਤਰੀ ਪੰਜਾਬ ਨੂੰ ਸੋਨੇ ਦੇ ਮੈਡਲ ਨਾਲ ਸਨਮਾਨਿਤ ਕੀਤਾ ਜਾਵੇਗਾ!




ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਗੁਰਦੁਆਰਾ ਸਾਹਿਬ ਪਾਤਸ਼ਾਹੀ ਦਸਵੀਂ ਨਾਢਾ ਸਾਹਿਬ ਪੰਚਕੂਲਾ ਵਿਖੇ

# ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਭਰੀ ਹਾਜ਼ਰੀ












ਗੁਰਦੁਆਰਾ ਸਾਹਿਬ ਪਾਤਸ਼ਾਹੀ ਦਸਵੀਂ ਨਾਢਾ ਸਾਹਿਬ ਪੰਚਕੂਲਾ ਵਿਖੇ ਲੜੀਵਾਰ ਗੁਰਬਾਣੀ ਕਥਾ ਵਿਚਾਰ ਦੀ ਹਾਜ਼ਰੀ ਭਰਦੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ। ਇਸ ਮੌਕੇ ਹਾਜ਼ਰ ਸਿੱਖ ਸੰਗਤਾਂ ਦਾ ਇਕੱਠ ਅਤੇ ਸਨਮਾਨਿਤ ਕਰਦੇ ਪ੍ਰਬੰਧਕ ਜਥੇਦਾਰ ਸਵਰਨ ਸਿੰਘ ਬੁੰਗਾ ਟਿੱਬੀ ਮੈਂਬਰ ਪੰਚਕੂਲਾ।

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਦੇ 300 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ

# ਵਿਸ਼ੇਸ਼ 'ਖੂਨ ਦਾਨ ਕੈਂਪ' ਲਗਾਇਆ ਗਿਆ

## ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਖੂਨਦਾਨੀਆਂ ਨੂੰ ਸਨਮਾਨਿਤ ਕੀਤਾ ਗਿਆ














ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਦੇ 300 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ 7 ਅਕਤੂਬਰ ਨੂੰ ਵਿਸ਼ੇਸ਼ "ਖੂਨ ਦਾਨ ਕੈਂਪ" ਗੁਰਦੁਆਰਾ ਸਾਹਿਬ ਪਾਤਸ਼ਾਹ 10ਵੀਂ ਨਾਢਾ ਸਾਹਿਬ ਪੰਚਕੂਲਾ ਲਗਾਇਆ ਗਿਆ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਖੂਨਦਾਨੀਆਂ ਨੂੰ ਸਨਮਾਨਿਤ ਕੀਤਾ ਗਿਆ ਗੁਰਮੀਤ ਸਿੰਘ ਰਾਮਸਰ ਸੀਨੀਅਰ ਮੀਤ ਪ੍ਰਧਾਨ,ਗੁਰਵੀਰ ਸਿੰਘ ਤਲਾਕੌਰ ਜੂਨੀਅਰ ਮੀਤ ਪ੍ਰਧਾਨ,ਸਵਰਨ ਸਿੰਘ ਬੁੰਗਾ ਟਿੱਬੀ ਮੈਂਬਰ ਪੰਚਕੂਲਾ,ਸੁਖਵਿੰਦਰ ਸਿੰਘ ਮੰਡੇਬਰ ਸਾਬਕਾ ਜਰਨਲ ਸਕੱਤਰ ਨੇ ਖੂਨ ਦਾਨ ਕਰਕੇ ਕੈਂਪ ਦਾ ਉਦਘਾਟਨ ਕੀਤਾ। (ਫੋਟੋਆਂ ਤੇ ਵੇਰਵਾ : ਆਵਾਜ਼ਿ ਕੌਮ ਬਿਊਰੋ)

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ, ਸ਼ਹਾਦਤ ਤੇ ਵਿਰਸੇ ਬਾਰੇ

# ਦੋ ਰੋਜ਼ਾ ਕੌਮਾਂਤਰੀ ਸੈਮੀਨਾਰ ਸ਼ੁਰੂ



**ਨਵੀਂ ਦਿੱਲੀ, 8 ਅਕਤੂਬਰ (ਮਨਪ੍ਰੀਤ ਸਿੰਘ ਖਾਲਸਾ)**-ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚਲਾਏ ਜਾ ਰਹੇ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਨਾਰਥ ਕੈਂਪਸ, ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਆਫ ਕਾਮਰਸ ਪਿਤਮਪੁਰਾ, ਸ੍ਰੀ ਗੁਰੂ ਨਾਨਕ ਦੇਵ ਖਾਲਸਾ ਕਾਲਜ (ਦੇਵ ਨਗਰ) ਅਤੇ ਮਾਤਾ ਸੁੰਦਰੀ ਕਾਲਜ ਆਫ ਵੂਮੈਨ ਮੰਡੀ ਹਾਊਸ ਵੱਲੋਂ ਅੱਜ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ, ਸ਼ਹਾਦਤ ਤੇ ਵਿਰਸੇ ਸਬੰਧੀ ਦੋ ਰੋਜ਼ਾ ਕੌਮਾਂਤਰੀ ਸੈਮੀਨਾਰ ਅੱਜ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਵਿਚ ਸ਼ੁਰੂ ਹੋ ਗਿਆ। ਪਹਿਲੇ ਦਿਨ ਅੱਜ ਮੁੱਖ ਮਹਿਮਾਨ ਵਜੋਂ ਦਿੱਲੀ ਦੇ ਕੈਬਨਿਟ ਮੰਤਰੀ ਸਰਦਾਰ ਮਨਜਿੰਦਰ ਸਿੰਘ ਸਿਰਸਾ ਅਤੇ ਵਿਸ਼ੇਸ਼ ਮਹਿਮਾਨਾਂ ਵਜੋਂ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਸ਼ਮੂਲੀਅਤ ਕੀਤੀ। ਸੈਮੀਨਾਰ ਦੇ ਪਹਿਲੇ ਦਿਨ ਅੱਜ ਪ੍ਰੋ. ਹਰਮਿੰਦਰ ਸਿੰਘ ਬੇਦੀ ਨੇ ਕੂੰਜੀਵਤ ਭਾਸ਼ਣ ਦਿੱਤਾ ਤੇ ਗੁਰੂ ਸਾਹਿਬ ਦੇ ਜੀਵਨ ਤੇ ਸ਼ਹਾਦਤ ਨਾਲ ਸਬੰਧਤ ਅਨੇਕਾਂ ਪਹਿਲੂ ਸੰਗਤਾਂ ਅੱਗੇ ਰੱਖੇ। ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਸਰਦਾਰ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਇਸ ਕੌਮਾਂਤਰੀ ਸੈਮੀਨਾਰ ਦਾ ਆਯੋਜਨਾ ਇਕ ਸ਼ਲਾਘਾਯੋਗ ਉਪਰਾਲਾ ਹੈ। ਉਹਨਾਂ ਕਿਹਾ ਕਿ ਅਜਿਹੇ ਹੋਰ ਉਪਰਾਲੇ ਕਰਨ ਦੀ ਜ਼ਰੂਰਤ ਹੈ। ਉਹਨਾਂ ਕਿਹਾ ਕਿ ਉਹ ਖੁਦ ਇਸ ਕਾਲਜ ਵਿਚ ਪੜ੍ਹੇ ਹਨ ਅਤੇ ਅੱਜ ਦੇ ਸਮਾਗਮ ਵਿਚ ਸ਼ਮੂਲੀਅਤ ਉਹਨਾਂ ਲਈ ਬਹੁਤ ਮਾਣ ਵਾਲੀ ਗੱਲ ਹੈ। ਉਹਨਾਂ ਇਸ ਮੌਕੇ ਦੱਸਿਆ ਕਿ 25 ਨਵੰਬਰ ਨੂੰ ਗੁਰੂ ਸਾਹਿਬ ਦਾ 350 ਸਾਲਾ ਸ਼ਹੀਦੀ ਦਿਹਾੜਾ ਹੈ ਜਿਸ ਮੌਕੇ ਦਿੱਲੀ ਸਰਕਾਰ ਵੱਲੋਂ ਲਾਲ ਕਿਲ੍ਹੇ 'ਤੇ 23, 24 ਅਤੇ 25 ਨਵੰਬਰ ਨੂੰ ਬਹੁਤ ਵੱਡੇ ਪੱਧਰ 'ਤੇ ਪ੍ਰੋਗਰਾਮ ਆਯੋਜਿਤ ਕੀਤਾ ਜਾ ਰਿਹਾ ਹੈ ਜੋ ਯਾਦਗਾਰੀ ਬਣੇਗਾ। ਉਹਨਾਂ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਗਿਣਤੀ ਵਿਚ ਸਮਾਗਮਾਂ ਵਿਚ ਸ਼ਮੂਲੀਅਤ ਕਰਨ ਤੇ ਇਸ ਇਤਿਹਾਸਕ ਮੌਕੇ ਦੇ ਗਵਾਹ ਬਣਨ। ਸੈਮੀਨਾਰ ਨੂੰ ਸੰਬੋਧਨ ਕਰਦਿਆਂ ਕਮੇਟੀ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਅਜਿਹੇ ਸੈਮੀਨਾਰ ਸਮੇਂ ਦੀ ਜ਼ਰੂਰਤ ਹਨ। ਉਹਨਾਂ ਨੇ ਚਾਰਾਂ ਕਾਲਜਾਂ ਦੇ ਪ੍ਰਿੰਸੀਪਲਾਂ ਨੂੰ ਬੇਨਤੀ ਕੀਤੀ ਕਿ ਕੱਲ੍ਹ ਸੈਮੀਨਾਰ ਦੇ ਦੂਜੇ ਦਿਨ ਵੱਧ ਤੋਂ ਵੱਧ ਵਿਦਿਆਰਥੀ ਇਥੇ ਬੁਲਾਰਿਆਂ ਦੇ ਵਿਚਾਰ ਸੁਣਨ ਵਾਸਤੇ ਸ਼ਾਮਲ ਹੋਣੇ ਚਾਹੀਦੇ ਹਨ। ਉਹਨਾਂ ਕਿਹਾ ਕਿ ਗੁਰੂ ਸਾਹਿਬ ਦੇ ਜੀਵਨ ਦੇ ਵੱਖ-ਵੱਖ ਪਹਿਲੂ ਅਤੇ ਗੁਰ ਇਤਿਹਾਸ ਤੋਂ ਆਪਣੇ ਬੱਚਿਆਂ ਨੂੰ ਜਾਣੂ ਕਰਵਾਉਣਾ ਅੱਜ ਸਮੇਂ ਦੀ ਮੁੱਖ ਜ਼ਰੂਰਤ ਹੈ। ਉਹਨਾਂ ਕਿਹਾ ਕਿ ਗੁਰੂ ਸਾਹਿਬ ਤਿਆਗ ਮੱਲ ਤੋਂ ਗੁਰੂ ਤੇਗ ਬਹਾਦਰ ਸਾਹਿਬ ਕਿਵੇਂ ਬਣੇ ? ਉਹਨਾਂ 13 ਸਾਲ ਦੀ ਉਮਰ ਵਿਚ ਕਿਹੜੀ ਜੰਗ ਲੜੀ ? 25 ਸਾਲ ਕਿਥੇ ਤਪੱਸਿਆ ਕੀਤੀ ? ਅਜਿਹੇ ਬਹੁਤ ਸਾਰੇ ਪਹਿਲੂ ਹਨ ਜਿਹਨਾਂ ਬਾਰੇ ਆਮ ਲੋਕਾਂ ਖਾਸ ਤੌਰ 'ਤੇ ਵਿਦਿਆਰਥੀਆਂ ਨੂੰ ਜਾਣਕਾਰੀ ਨਹੀਂ ਹੈ। ਉਹਨਾਂ ਕਿਹਾ ਕਿ ਸਾਡਾ ਟੀਚਾ ਇਹੋ ਹੈ ਕਿ ਗੁਰ ਇਤਿਹਾਸ ਨੂੰ ਘਰ-ਘਰ ਪਹੁੰਚਦਾ ਕੀਤਾ ਜਾਵੇ ਅਤੇ ਸਾਡੇ ਬੱਚਿਆਂ ਨੂੰ ਇਸ ਤੋਂ ਜਾਣੂ ਕਰਵਾਇਆ ਜਾਵੇ ਉਹਨਾਂ ਦੱਸਿਆ ਕਿ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਬਹੁਤ ਸਾਰੇ ਪ੍ਰੋਗਰਾਮ ਉਲੀਕੇ ਗਏ ਹਨ ਜੋ ਪੜਾਅਵਾਰ ਹੋ ਰਹੇ ਹਨ। ਪਿਛਲੇ ਦਿਨੀਂ ਸਰਵ ਧਰਮ ਸੰਮੇਲਨ ਵੀ ਹੋ ਕੇ ਹਟਿਆ ਹੈ। ਇਸ ਮਹੀਨੇ ਅਕਤੂਬਰ ਵਿਚ ਵੀ ਦੋ ਵੱਡੇ ਸਮਾਗਮ ਹਨ ਅਤੇ ਨਵੰਬਰ ਵਿਚ ਲਾਲ ਕਿਲ੍ਹੇ 'ਤੇ ਹੋਣ ਵਾਲੇ ਸਮਾਗਮ ਵਾਸਤੇ ਦਿੱਲੀ ਗੁਰਦੁਆਰਾ ਕਮੇਟੀ ਦਿੱਲੀ ਸਰਕਾਰ ਨੂੰ ਵੱਧ ਚੜ੍ਹ ਕੇ ਸਹਿਯੋਗ ਦੇ ਰਹੀ ਹੈ। ਉਹਨਾਂ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਆਪਣੇ ਬੱਚਿਆਂ ਨਾਲ ਇਹਨਾਂ ਸਮਾਗਮਾਂ ਵਿਚ ਵੱਧ ਤੋਂ ਵੱਧ ਗਿਣਤੀ ਵਿਚ ਸ਼ਮੂਲੀਅਤ ਕੀਤੀ ਜਾਵੇ। ਇਸ ਮੌਕੇ ਕਾਲਜ ਦੇ ਚੇਅਰਮੈਨ ਤਰਲੋਚਨ ਸਿੰਘ, ਗੁਰੂ ਗੋਬਿੰਦ ਸਿੰਘ ਕਾਲਜ ਆਫ ਕਾਮਰਸ ਦੇ ਚੇਅਰਮੈਨ ਐਮ ਪੀ ਐਸ ਚੱਢਾ, ਸੁਖਬੀਰ ਸਿੰਘ ਕਾਲੜਾ ਚੇਅਰਮੈਨ ਗੁਰੂ ਨਾਨਕ ਦੇਵ ਖਾਲਸਾ ਕਾਲਜ, ਗੁਰਿੰਦਰ ਪਾਲ ਸਿੰਘ ਰਾਜੂ, ਪ੍ਰਿੰਸੀਪਲ ਗੁਰਮਿੰਦਰ ਸਿੰਘ, ਬਲਜੀਤ ਸਿੰਘ, ਮੈਡਮ ਹਰਜੀਤ ਕੌਰ ਤੇ ਜੇ ਪੀ ਸਿੰਘ ਸਮੇਤ ਹੋਰ ਪਤਵੰਤੇ ਵੀ ਇਸ ਮੌਕੇ ਹਾਜ਼ਰ ਸਨ।

### ਧੂਰੀ ਵਿਖੇ ਭਗਵਾਨ ਵਾਲਮੀਕਿ ਦੇ ਜਨਮ ਦਿਹਾੜੇ ਨੂੰ ਸਮਰਪਿਤ

# ਕੱਢੀ ਸ਼ੋਭਾ ਯਾਤਰਾ



**ਧੂਰੀ ( ਰਣਜੀਤ ਸਿੰਘ ਪੇਧਨੀ )**-ਭਗਵਾਨ ਵਾਲਮੀਕਿ ਦੇ ਜਨਮ ਦਿਹਾੜੇ ਤੇ ਕੱਢੀ ਗਈ ਸ਼ੋਭਾ ਯਾਤਰਾ ਸਮੇਂ ਆਰੀਆ ਸਮਾਜ ਧੂਰੀ ਵੱਲੋਂ ਭਗਵਾਨ ਵਾਲਮੀਕਿ ਜੀ ਦਾ ਅਤੇ ਕੌਮੀ ਪ੍ਰਧਾਨ ਕ੍ਰਾਂਤੀਕਾਰੀ ਲੋਕ ਚੇਤਨਾ ਮੰਚ ਰਜਿ: ਭਾਰਤ ਅਤੇ ਆਰੀਆ ਸਕੂਲ ਧੂਰੀ ਦੇ ਪ੍ਰਧਾਨ ਸ਼੍ਰੀ ਵਿਕੀ ਪਰੋਚਾ ਧੂਰੀ ਦਾ ਜੋਰਦਾਰ ਸਵਾਗਤ ਕੀਤਾ ਗਿਆ। ਇਸ ਮੌਕੇ ਤੇ ਸਮਾਜ ਵਲੋ ਲੱਡੂ ਵੰਡੇ ਗਏ ਅਤੇ ਸਰੋਪਾ ਭੇਂਟ ਕੀਤਾ ਗਿਆ। ਇਸ ਮੌਕੇ ਤੇ ਆਰੀਆ ਸਮਾਜ ਦੇ ਪ੍ਰਧਾਨ ਵੀਰੇਂਦਰ ਆਰੀਆ, ਕਾਰਜਕਾਰੀ ਪ੍ਰਧਾਨ ਪਵਨ ਕੁਮਾਰ, ਮਹਾਂ ਮੰਤਰੀ ਰਾਮਪਾਲ ਆਰੀਆ,ਆਰੀਆ ਕਾਲਜ ਦੇ ਪ੍ਰਧਾਨ ਦੀਵਾਨ ਚੰਦ ਬਾਂਸਲ, ਮਾਡਲ ਸਕੂਲ ਦੇ ਪ੍ਰਧਾਨ ਸਤਿਸ਼ਪਲ ਆਰੀਆ, ਮੈਨੇਜਰ ਵਿਜੈ ਆਰੀਆ, ਰਾਜੇਸ਼ ਆਰੀਆ, ਆਰੀਆ ਸਮਾਜ ਦੇ ਪੁਰੋਹਿਤ ਸ਼ੈਲੇਸ਼ ਸ਼ਾਸਤਰੀ ਅਤੇ ਆਰੀਆ ਸਕੂਲ ਦਾ ਸਟਾਫ਼ ਅਤੇ ਕਰਮਚਾਰੀ ਹਾਜਰ ਸਨ।

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਤਰੋਂ ਦੇ 11 ਵਿਦਿਆਰਥੀਆਂ ਦੀ ਰਾਜ ਪੱਧਰੀ ਫੁੱਟਬਾਲ ਖੇਡਾਂ ਲਈ ਚੋਣ



**ਧੂਰੀ ( ਰਣਜੀਤ ਸਿੰਘ ਪੇਧਨੀ )**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਤਰੋਂ ਦੇ ਮੁਖੀ ਅਮਨਦੀਪ ਸਿੰਘ ਪਾਠਕ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਕੂਲ ਦੇ 11 ਵਿਦਿਆਰਥੀਆਂ ਦੀ ਰਾਜ ਪੱਧਰੀ ਫੁੱਟਬਾਲ ਮੁਕਾਬਲਿਆਂ ਲਈ ਵੱਖ ਵੱਖ ਵਰਗਾਂ ਵਿੱਚ ਚੋਣ ਹੋਈ ਹੈ, ਜਿਨ੍ਹਾਂ ਵਿੱਚ ਸੁਖਪ੍ਰੀਤ ਕੌਰ, ਸਿਮਰਨਜੀਤ ਕੌਰ, ਰਾਜਵੀਰ ਕੌਰ, ਬੇਅੰਤ ਕੌਰ, ਉਪਨੀਤ ਕੌਰ, ਸਹਿਜਪ੍ਰੀਤ ਕੌਰ, ਅਮਨਦੀਪ ਕੌਰ, ਹਰਮਨਜੀਤ ਕੌਰ, ਹਰਦਮ ਸਿੰਘ, ਫੈਸਲ ਮੁਨੀਰ , ਜਸਵੀਰ ਸਿੰਘ ਸ਼ਾਮਲ ਹਨ ਉਹਨਾਂ ਕਿਹਾ ਕਿ ਇਸ ਪ੍ਰਾਪਤੀ ਦਾ ਸਿਹਰਾ ਗੁਰਵਿੰਦਰ ਸਿੰਘ ਡੀਪੀਈ ਅਤੇ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਨੂੰ ਜਾਂਦਾ ਹੈ, ਸਕੂਲ ਮੁਖੀ ਅਮਨਦੀਪ ਸਿੰਘ ਪਾਠਕ ਨੇ ਕਿਹਾ ਕਿ ਖਿਡਾਰੀਆਂ ਨੂੰ ਡੇਰਾ ਸਾਹਿਬ ਕਾਤਰੋਂ, ਬਾਬਾ ਬੰਦਾ ਸਿੰਘ ਬਹਾਦਰ ਸਪੋਰਟਸ ਕਲੱਬ ਕਾਤਰੋਂ, ਗ੍ਰਾਮ ਪੰਚਾਇਤ ਕਾਤਰੋਂ ਅਤੇ ਪਿੰਡ ਦੇ ਪਤਵੰਤੇ ਸੱਜਣਾਂ ਦਾ ਵੀ ਅਹਿਮ ਸਹਿਯੋਗ ਹੈ । ਇਸ ਮੌਕੇ ਗੁਰਵਿੰਦਰ ਸਿੰਘ ਡੀਪੀਈ, ਲੈਕਚਰਾਰ ਬਲਜਿੰਦਰ ਸਿੰਘ, ਕੈਪਟਨ ਜਤਿੰਦਰ ਸਿੰਘ, ਲੈਕਚਰਾਰ ਜਸਵਿੰਦਰ ਕੌਰ, ਲੈਕਚਰਾਰ ਮਾਲਵਿੰਦਰ ਕੌਰ, ਲੈਕਚਰਾਰ ਰਮਿੰਦਰਜੀਤ ਕੌਰ, ਗੁਰਪ੍ਰੀਤ ਕੌਰ, ਰਣਜੀਤ ਕੌਰ, ਹਰਦੀਪ ਸਿੰਘ, ਅਮਰਦੀਪ ਸਿੰਘ, ਗੁਰਪ੍ਰੀਤ ਸਿੰਘ, ਅਮਰਜੀਤ ਸਿੰਘ, ਰਾਜਿੰਦਰ ਕੌਰ, ਹਰੀਸ਼ ਬਾਲਾ, ਪੂਨਮਜੀਤ ਕੌਰ ਸਮੇਤ ਸਮੂਹ ਸਟਾਫ਼ ਹਾਜ਼ਰ ਸੀ।

# ਵਿਦੇਸ਼ ਮੰਤਰੀ ਜੈਸ਼ੰਕਰ ਸਿੱਖਾਂ ਦੀ ਫੌਜ ਨੌਕਰੀ ਦੌਰਾਨ ਦਾਹੜੀ ਉਪਰ ਅਮਰੀਕਾ ਵਲੋਂ ਲਗਾਈ ਰੋਕ ਦਾ ਮਸਲਾ ਅਮਰੀਕੀ ਸਰਕਾਰ ਕੋਲ ਤੁਰੰਤ ਚੁੱਕਣ: ਪਰਮਜੀਤ ਸਿੰਘ ਵੀਰਜੀ

ਨਵੀਂ ਦਿੱਲੀ 8 ਅਕਤੂਬਰ (ਮਨਪ੍ਰੀਤ ਸਿੰਘ ਖਾਲਸਾ):- ਅਮਰੀਕਾ ਦੇ ਰੱਖਿਆ ਮੰਤਰੀ ਵੱਲੋਂ ਸਿੱਖਾਂ ਨੂੰ ਫੌਜ ਨੌਕਰੀ ਦੌਰਾਨ ਦਾੜ੍ਹੀ ਰੱਖਣ ਤੋਂ ਰੋਕਣ ਦਾ ਆਦੇਸ਼ ਦੇਣਾ ਸਿੱਖਾਂ ਦੀ ਧਾਰਮਿਕ ਅਜ਼ਾਦੀ 'ਤੇ ਹਮਲਾ ਅਤੇ ਸਿੱਖ ਪੰਥ ਲਈ ਵਡੀ ਚਿੰਤਾ ਦਾ ਵਿਸ਼ਾ ਹੈ। ਗੁਰੂਬਾਣੀ ਰਿਸਰਚ ਫਾਉਂਡੇਸ਼ਨ ਦੇ ਮੁੱਖੀ, ਦਿੱਲੀ ਗੁਰਦੁਆਰਾ ਕਮੇਟੀ ਦੀ ਧਰਮ ਪ੍ਰਚਾਰ ਵਿੰਗ ਦੇ ਸਾਬਕਾ ਕੋ ਚੇਅਰਮੈਨ, ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੇ ਸਰਗਰਮ ਆਗੂ ਅਤੇ ਸਮਾਜਸੇਵੀ ਪਰਮਜੀਤ ਸਿੰਘ ਵੀਰਜੀ ਨੇ ਦਸਿਆ ਕਿ 2016 ਵਿੱਚ ਸਿੱਖ ਸੈਨਿਕ ਕੈਪਟਨ ਸਿਮਰਤਪਾਲ ਸਿੰਘ ਨੇ ਅਮਰੀਕੀ ਫੌਜ ਵਿੱਚ ਦਸਤਾਰ ਅਤੇ ਦਾੜ੍ਹੀ ਨਾਲ ਸੇਵਾ ਕਰਨ ਦਾ ਅਧਿਕਾਰ ਜਿੱਤਿਆ ਸੀ, ਜੋ ਸਿੱਖ ਸਮੁਦਾਏ ਲਈ ਮੀਲ ਪੱਥਰ ਸੀ, ਦੇ ਬਾਵਜੂਦ ਅਮਰੀਕੀ ਫੌਜ ਵੱਲੋਂ ਸਿੱਖ ਸੈਨਿਕਾਂ 'ਤੇ ਦਾੜ੍ਹੀ ਰੱਖਣ ਦੀ ਪਾਬੰਦੀ ਦੇ ਤਾਜ਼ਾ ਫੈਸਲੇ ਨੇ ਸਮੁੱਚੇ ਸਿੱਖ ਭਾਈਚਾਰੇ ਨੂੰ ਗਹਿਰੀ ਠੇਸ ਪਹੁੰਚਾਈ ਹੈ। ਅਮਰੀਕਾ ਵਰਗੇ ਲੋਕਤੰਤਰੀ ਦੇਸ਼ ਵਿਚ ਸਿੱਖ ਭਾਈਚਾਰੇ ਨਾਲ ਅਜਿਹਾ ਵਿਤਕਰਾ ਠੀਕ ਨਹੀਂ ਹੈ ਕਿਉਕਿ ਅਮਰੀਕਾ ਦੇ ਸਰਬਪੱਖੀ ਵਿਕਾਸ ਵਿਚ ਸਿੱਖਾਂ ਦੇ ਯੋਗਦਾਨ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਸਿੱਖਾਂ ਨੇ ਉਥੇ ਰਹਿੰਦਿਆਂ ਬੇਹੱਦ ਸਖ਼ਤ ਮਿਹਨਤ ਕਰਕੇ ਦੇਸ਼ ਦੀ ਖੁਸ਼ਹਾਲੀ ਲਈ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਦੇ ਰੀਤੀ ਰਿਵਾਜ ਦੁਨੀਆਂ ਦੇ ਕਿਸੇ ਹਿੱਸੇ ਵਿਚ ਵੀ ਜਾਣ-ਪਛਾਣ ਦੇ ਮੁਥਾਜ ਨਹੀਂ ਹਨ, ਕਿਉਂਕਿ ਪੂਰੀ ਦੁਨੀਆਂ ਵਿਚ ਸਿੱਖਾਂ ਨੇ ਆਪਣੀ ਪਛਾਣ ਸਥਾਪਤ ਕੀਤੀ ਹੋਈ ਹੈ। ਅਮਰੀਕਾ ਦੇਸ਼ ਜਿਹੜਾ ਕਿ ਸਿੱਖਾਂ ਦੇ ਰਹਿਣ-ਸਹਿਣ, ਪਛਾਣ ਅਤੇ ਮਰਯਾਦਾ ਨੂੰ ਨੇੜਿਉਂ ਸਮਝਦਾ ਹੈ, ਉਥੇ ਸਿੱਖਾਂ ਦੀ ਧਾਰਮਿਕ ਅਜ਼ਾਦੀ ਨੂੰ ਸੱਟ ਮਾਰਨੀ ਠੀਕ ਨਹੀਂ ਹੈ ਕਿਉਕਿ ਇੱਕ ਸਾਬਤ ਸੂਰਤ ਸਿੱਖ ਆਪਣੀ ਦਸਤਾਰ ਅਤੇ ਦਾੜ੍ਹੀ ਨੂੰ ਸਰੀਰ ਤੋਂ ਵੱਖ ਨਹੀਂ ਕਰ ਸਕਦਾ। ਅੰਤ ਵਿਚ ਪਰਮਜੀਤ ਸਿੰਘ ਵੀਰਜੀ ਨੇ ਅਮਰੀਕਾ ਸਰਕਾਰ ਨੂੰ ਅਜਿਹਾ ਕੋਈ ਵੀ ਫੈਸਲਾ ਨਾ ਕਰਨ ਦੀ ਅਪੀਲ ਕਰਨ ਦੇ ਨਾਲ ਭਾਰਤ ਦੇ ਵਿਦੇਸ਼ ਮੰਤਰੀ ਨੂੰ ਵੀ ਅਪੀਲ ਕੀਤੀ ਕਿ ਤੁਸੀਂ ਸਿੱਖ ਪੰਥ ਦੀਆਂ ਰਹੁ ਰੀਤਾ ਤੋਂ ਜਾਣੂ ਹੋ ਇਸ ਲਈ ਉਹ ਇਹ ਮਾਮਲਾ ਤੁਰੰਤ ਅਮਰੀਕਾ ਦੀ ਸਰਕਾਰ ਕੋਲ ਉਠਾ ਕੇ ਇਸ ਦਾ ਹੱਲ ਕਰਵਾਣ ਲਈ ਪਹਿਲ ਕਰਣ ।



# ਮੈਸਰਜ਼ ਕਰਮਜੀਤ ਇੰਟਰਪ੍ਰਾਈਜ਼ਜ਼ ਕੰਪਨੀ ਵੱਲੋਂ ਪਲੇਸਮੈਂਟ ਕੈਂਪ 9 ਅਕਤੂਬਰ ਨੂੰ

ਸੰਗਰੂਰ ( ਰਣਜੀਤ ਸਿੰਘ ਪੇਧਨੀ ) ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਸੰਗਰੂਰ ਵੱਲੋਂ ਮੈਸਰਜ਼ ਕਰਮਜੀਤ ਇੰਟਰਪ੍ਰਾਈਜ਼ਜ਼ (ਫ਼ਾਰ ਪੁਖਰਾਜ ਹੈਲਥ ਕੇਅਰ) ਕੰਪਨੀ ਨਾਲ ਤਾਲਮੇਲ ਕਰਕੇ ਮਿਤੀ 9 ਅਕਤੂਬਰ ਦਿਨ ਵੀਰਵਾਰ ਨੂੰ ਨੌਕਰੀ ਦੇ ਚਾਹਵਾਨ ਪ੍ਰਾਰਥੀਆਂ ਲਈ ਜ਼ਿਲ੍ਹਾ ਰੋਜ਼ਗਾਰ ਉਤਪੱਤੀ ਹੁਨਰ ਵਿਕਾਸ ਅਤੇ ਸਿਖਲਾਈ ਦਫ਼ਤਰ, ਸੰਗਰੂਰ ਵਿਖੇ ਇੱਕ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਕੰਪਨੀ ਵੱਲੋਂ ਵੈਲਨੇਸ ਅਡਵਾਈਜਰ, ਟ੍ਰੇਨਰ, ਮੈਨੇਜਰ (ਲੜਕੇ ਅਤੇ ਲੜਕੀਆਂ ਦੋਵਾਂ ਲਈ) ਦੀ ਅਸਾਮੀਆਂ ਲਈ ਇੰਟਰਵਿਊ ਲਈ ਜਾਵੇਗੀ। ਜਿਸ ਲਈ ਪ੍ਰਾਰਥੀ ਦੀ ਵਿਦਿੱਅਕ ਯੋਗਤਾ 12ਵੀਂ, ਗਰੈਜੂਏਟ ਪਾਸ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ ਉਮਰ 18 ਸਾਲ ਤੋਂ 24 ਸਾਲ ਤੱਕ ਹੋਣੀ ਚਾਹੀਦੀ ਹੈ। ਚਾਹਵਾਨ ਅਤੇ ਯੋਗ ਪ੍ਰਾਰਥੀ ਰਜਿਊਮ ਅਤੇ ਵਿੱਦਿਅਕ ਯੋਗਤਾ ਦੇ ਸਰਟੀਫਿਕੇਟ ਦੀਆਂ ਫੋਟੋ ਕਾਪੀਆਂ ਲੈ ਕੇ ਇਸ ਇੰਟਰਵਿਊ ਵਿੱਚ ਭਾਗ ਲੈ ਸਕਦੇ ਹਨ। ਇੰਟਰਵਿਊ ਵਿੱਚ ਭਾਗ ਲੈਣ ਲਈ ਕੋਈ ਵੀ ਟੀ.ਏ ਅਤੇ ਡੀ.ਏ ਦੇਣ ਯੋਗ ਨਹੀਂ ਹੋਵੇਗਾ। ਵਧੇਰੇ ਜਾਣਕਾਰੀ ਲਈ ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਸੰਗਰੂਰ ਵਿਖੇ ਸੰਪਰਕ ਕਰ ਸਕਦੇ ਹਨ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

### ਸ੍ਰੀ ਵਿਜੰਤ ਸ਼ਰਮਾ ਡਇਰੈਕਟਰ "ਨਹਿਰੂ ਪ੍ਰਾਈਵੇਟ ਆਈਟੀਆਈ" ਅਲੀਕਾਂ ਡੱਬਵਾਲੀ ਸਿਰਸਾ ਵਿਖੇ

# ਜਥੇਦਾਰ ਬਲਜੀਤ ਸਿੰਘ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਾਸਆਊਟ ਕੀਤੇ 16 ਬੱਚਿਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ




























ਸ੍ਰੀ ਵਿਜੰਤ ਸ਼ਰਮਾ ਡਇਰੈਕਟਰ "ਨਹਿਰੂ ਪ੍ਰਾਈਵੇਟ ਆਈਟੀਆਈ" ਅਲੀਕਾਂ ਡੱਬਵਾਲੀ ਸਿਰਸਾ ਦੇ ਸੱਦੇ ਤੇ ਅੱਜ ਮੁੱਖ ਮਹਿਮਾਨ ਵਜੋਂ ਪੁੱਜੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਹਿਰੂ ਪ੍ਰਾਈਵੇਟ ਆਈਟੀਆਈ ਅਲੀਕਾਂ ਵਿਖੇ ਪਾਸਆਊਟ ਕੀਤੇ 16 ਬੱਚਿਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਇਸ ਸਮੇਂ ਜਥੇਦਾਰ ਦਾਦੂਵਾਲ ਜੀ ਦੇ ਨਾਲ ਸਰਦਾਰ ਜਗਤਾਰ ਸਿੰਘ ਮਾਨ ਅੰਤ੍ਰਿੰਗ ਮੈਂਬਰ ਹਰਿਆਣਾ ਕਮੇਟੀ,ਸ੍ਰੀਮਤੀ ਸੋਨਾ ਸ਼ਰਮਾ ਪ੍ਰਿੰਸੀਪਲ ਐਨ ਐਮ ਕਾਨਵੈਂਟ ਪਬਲਿਕ ਸਕੂਲ,ਸ੍ਰੀਮਤੀ ਪਰਮਜੀਤ ਕੌਰ ਇੰਚਾਰਜ ਨਹਿਰੂ ਕਾਲਜ ਆਫ ਐਜੂਕੇਸ਼ਨ,ਸ੍ਰੀਮਤੀ ਕਿਰਨ ਸਿੰਗਲਾ ਵਾਈਸ ਪ੍ਰਿੰਸੀਪਲ ਵੀ ਹਾਜ਼ਰ ਸਨ।

(ਫੋਟੋਆਂ ਤੇ ਵੇਰਵਾ : ਆਵਾਜ਼ਿ ਕੌਮ ਬਿਊਰੋ)



ਗੁਲਾਮ ਹੋ ਜਾਣਾ ਗੁਲਾਮੀ ਨਹੀਂ ਹੁੰਦੀ

# ਗੁਲਾਮੀ ਨੂੰ ਕਬੂਲ ਕਰ ਲੈਣਾ ਗੁਲਾਮੀ ਹੁੰਦੀ ਹੈ



ਸੰਨ 1839 ਵਿੱਚ ਸਰਕਾਰ ਏ ਖਾਲਸਾ , ਖਾਲਸਾ ਰਾਜ ਦੇ ਸਰਬਰਾਹ ਸ਼ੇਰ ਏ ਪੰਜਾਬ ਮਹਾਂਬਲੀ ਯੋਧੇ ਮਹਾਰਾਜਾ ਰਣਜੀਤ ਸਿੰਘ ਜੀ ਅਕਾਲ ਚਲਾਣਾ ਕਰਦੇ ਹਨ ਜਿਹਨਾਂ ਨੇ ਬੜੀ ਹੀ ਸੂਝਬੂਝ ਬੜੀ ਹੀ ਸਿਆਣਪ ਬੜੇ ਹੀ ਠਰੰਮੇ ਨਾਲ ਬਾਰਾਂ ਮਿਸਲਾਂ ਨੂੰ ਇਕੱਠਿਆਂ ਕਰਕੇ 1799 ਵਿੱਚ ਇੱਕ ਬੜਾ ਹੀ ਸ਼ਕਤੀਸ਼ਾਲੀ ਬੜਾ ਹੀ ਵਿਸ਼ਾਲ ਖਾਲਸਾ ਰਾਜ ਸਥਾਪਤ ਕੀਤਾ ਸੀ ।ਮਹਾਰਾਜਾ ਰਣਜੀਤ ਸਿੰਘ ਜੀ ਦੇ ਪਿਤਾ ਸਰਦਾਰ ਮਹਾਂ ਸਿੰਘ ਜੀ ਅਤੇ ਬਾਬਾ ਸਰਦਾਰ ਚੜ੍ਹਤ ਸਿੰਘ ਜੀ ਵੀ ਬੜੇ ਯੋਧੇ ਮਹਾਂਬਲੀ ਸਨ । ਸ਼ੇਰ ਏ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੇ ਖਾਲਸਾ ਰਾਜ ਵਿੱਚ ਅੰਗਰੇਜ਼ ਮੁਸਲਮਾਨ ਹਿੰਦੂ ਜਾਣੀ ਹਰ ਧਰਮ ਦੇ ਲੋਕ ਮੰਤਰੀ ਸੰਤਰੀ ਸਲਾਹਕਾਰ ਸਿਪਾਹੀ ਅਤੇ ਫੌਜੀ ਸਨ । ਮਹਾਰਾਜਾ ਰਣਜੀਤ ਸਿੰਘ ਜੀ ਨੇ ਗੁਰੂ ਜੀ ਦੀ ਕਿਰਪਾ ਅਤੇ ਆਪਣੇ ਬਲਬੂਤੇ ਨਾਲ ਖਾਲਸਾ ਰਾਜ ਨੂੰ ਕਾਫੀ ਮਜ਼ਬੂਤ ਅਤੇ ਵਿਸ਼ਾਲ ਬਣਾ ਦਿੱਤਾ ਸੀ । ਉੱਸ ਖਾਲਸਾ ਰਾਜ ਨੂੰ ਦੁਨੀਆਂ ਭਰ ਦੇ ਦੇਸ਼ਾਂ ਦੇ ਇਤਿਹਾਸਕਾਰ ਹੁਣ ਤੱਕ ਦਾ ਸਭ ਤੋਂ ਵਧੀਆ ਅਤੇ ਸ਼ਕਤੀਸ਼ਾਲੀ ਰਾਜ ਮੰਨਦੇ ਹਨ , ਜਿਸ ਵਿੱਚ ਹਰ ਵਰਗ ਦੇ ਲੋਕ ਖੁਸ਼ ਸਨ ।ਮਹਾਰਾਜਾ ਰਣਜੀਤ ਸਿੰਘ ਜੀ ਦੇ ਜਿਊਂਦੇ ਜੀਅ ਅੰਗਰੇਜ਼ਾਂ ਦੀ ਜੁਰਅੱਤ ਨਹੀਂ ਸੀ ਪਈ ਕੇ ਉੱਹ ਦੇਸ਼ ਪੰਜਾਬ ਦੀ ਧਰਤੀ ਉੱਪਰ ਪੈਰ ਵੀ ਰੱਖ ਸਕਦੇ ।ਮਹਾਰਾਜਾ ਰਣਜੀਤ ਸਿੰਘ ਜੀ ਦੀ ਮੌਤ ਦੀ ਖਬਰ ਸੁਣ ਕੇ ਅੰਗਰੇਜ ਬਾਗੋ ਬਾਗ ਹੋ ਗਏ ਸਨ ।ਯਮਨਾ ਤੋਂ ਪਰੇ ਖੁਸ਼ੀਆਂ ਮਨਾਈਆਂ ਗਈਆਂ ਕਿ ਹੁਣ ਅਸੀਂ ਦੇਸ਼ ਪੰਜਾਬ ਨੂੰ ਵੀ ਆਪਣੇ ਅਧੀਨ ਕਰ ਲਵਾਂਗੇ, ਇਹ ਸੋਚ ਸੀ ਅੰਗਰੇਜ਼ਾਂ ਦੀ ।ਮਹਾਰਾਜਾ ਰਣਜੀਤ ਸਿੰਘ ਜੀ ਦਾ ਐਨਾ ਡਰ ਐਨਾ ਤਹਿਲਕਾ ਐਨਾ ਖੌਫ ਸੀ ਅੰਗਰੇਜ਼ਾਂ ਅੰਦਰ ਕਿ ਉੱਹ ਪੰਜਾਬ ਉੱਤੇ ਕਾਬਜ਼ ਹੋਣ ਵਾਰੇ ਸੋਚ ਵੀ ਨਹੀਂ ਸਕਦੇ ਸਨ ਮਹਾਰਾਜਾ ਰਣਜੀਤ ਸਿੰਘ ਦੇ ਹੁੰਦਿਆਂ ।1839 ਤੋਂ 1849 ਤੱਕ ਸਿੱਖ ਫੌਜਾਂ ਬਿਨਾਂ ਜਰਨੈਲ ਤੋਂ ਵੀ ਅਗਰੇਜਾਂ ਨਾਲ ਲੜਦੀਆਂ ਰਹੀਆਂ ।ਪਰ ਅੱਜ ਦੀ ਤਰ੍ਹਾਂ ਓਸ ਸਮੇਂ ਵੀ ਧਿਆਨ ਸਿੰਘ ਗੁਲਾਬ ਸਿੰਘ ਹੀਰਾ ਸਿੰਘ ਆਦਿ ਡੋਗਰਿਆਂ ਅਤੇ ਲਾਲ ਸਿੰਘ ਵਰਗੇ ਬਰਾਹਮਣਾਂ ਦੀਆਂ ਗਦਾਰੀਆਂ ਕਾਰਨ ਸਿੱਖ ਅਤੇ ਪੰਜਾਬ ਫੇਰ ਗੁਲਾਮ ਹੋ ਗਏ ਸਨ ਅਤੇ ਸੰਨ 1849 ਵਿੱਚ ਅੰਗਰੇਜ਼ਾਂ ਨੇ ਲਹੌਰ ਦੇ ਸ਼ਾਹੀ ਕਿਲੇ ਉੱਪਰ ਯੂਨੀਅਨ ਜੈਕ ਦਾ ਝੰਡਾ ਝੁਲਾ ਦਿੱਤਾ ਸੀ ਅਤੇ ਪੰਜਾਬ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਸੀ ।ਸਿੱਖਾਂ ਸਮੇਤ ਸਾਰੀਆਂ ਭਾਰਤੀ ਕੌਮਾਂ ਨੇ ਰਲ ਕੇ 1947 ਵਿੱਚ ਅੰਗਰੇਜ਼ਾਂ ਨੂੰ ਤਾਂ ਹਿੰਦੋਸਤਾਨ ਵਿੱਚੋਂ ਭਜਾ ਦਿੱਤਾ ਪਰ ਸਿੱਖ ਲੀਡਰਸ਼ਿਪ ਨਾਲ ਵਿਸ਼ਵਾਸਘਾਤ ਹੋ ਗਿਆ ਅਤੇ ਸਿੱਖ ਆਜ਼ਾਦ ਹੋਣ ਦੀ ਜਗ੍ਹਾ ਇੱਕ ਵਾਰ ਫੇਰ ਅਕ੍ਰਿਤਘਣ ਅਹਿਸਾਨਫਰਾਮੋਸ਼ ਪੱਥਰ ਦਿਲ ਬੇਈਮਾਨ ਧੋਖੇਬਾਜ਼ ਦਗ.ਬਾਜ਼ ਮੂੰਹ ਮੇਂ ਰਾਮ ਰਾਮ ਬਗਲ ਮੇਂ ਖੰਜਰ ਵਾਲੇ ਬਰਾਹਮਣ ਦੇ ਹਿੰਦੂ ਦੇ ਗੁਲਾਮ ਹੋ ਗਏ ।ਸੰਨ 1857 ਵਿੱਚ ਹੀ ਸਿੱਖਾਂ ਨੇ ਆਪਣਾ ਖਾਲਸਾ ਰਾਜ ਦੁਬਾਰਾ ਸਥਾਪਿਤ ਕਰਨ ਲਈ ਆਜ਼ਾਦ ਹੋਣ ਲਈ ਹੱਥ ਪੈਰ ਮਾਰਨੇ ਸ਼ੁਰੂ ਕਰ ਦਿੱਤੇ ਸਨ ।ਅੰਗਰੇਜ਼ਾਂ ਨੂੰ ਭਾਰਤ ਵਿੱਚੋਂ ਭਜਾਉਣ ਲਈ ਸਿੱਖ ਪੂਰੀ ਤਨਦੇਹੀ ਨਾਲ ਲੜੇ ਸ਼ਹੀਦੀਆਂ ਦਿੱਤੀਆਂ ਕਾਲੇ ਪਾਣੀ ਗਏ ਫਾਂਸੀਆਂ ਤੇ ਚੜ੍ਹੇ ਹਿੱਕਾਂ ਵਿੱਚ ਗੋਲੀਆਂ ਖਾਧੀਆਂ ਤੋਪਾਂ ਦੇ ਗੋਲਿਆਂ ਨਾਲ ਵੀ ਉੱਡਾਏ ਗਏ ਪਰ ਸਾਰੀ ਕੀਤੀ ਕਰਾਈ ਦਾ ਫਾਇਦਾ ਬਰਾਹਮਣ ਜੀ ਲੈ ਗਏ ਅਤੇ ਰਾਜਭਾਗ ਦੇ ਮਾਲਕ ਬਣਕੇ ਸਿੱਖਾਂ ਨੂੰ ਹੀ ਅੱਖਾਂ ਵਿਖਾਉਣ ਲੱਗ ਪਏ ਅਤੇ ਸਿੱਖਾਂ ਉੱਪਰ ਹੀ ਜ਼ੁਲਮ ਕਰਨ ਲਗ ਪਏ ।ਹਜ਼ਾਰਾਂ ਸਾਲ ਗੁਲਾਮ ਰਹਿਣ ਕਰਕੇ ਗੁਲਾਮੀ ਹਿੰਦੋਸਤਾਨੀਆਂ ਦੇ ਭਾਰਤੀਆਂ ਦੇ ਇੰਡੀਅਨਾਂ ਦੇ ਹੱਡਾਂ ਵਿੱਚ ਹੀ ਰਚ ਗਈ ਹੈ ਜਿਸ ਵਿੱਚ ਸਾਡੇ ਕਈ ਸਿੱਖ ਭਰਾ ਵੀ ਆਉਂਦੇ ਹਨ ।ਅੱਜ ਖਾਲਿਸਤਾਨ ਦੀ ਗੱਲ ਸਿੱਖਾਂ ਦੀ ਆਜ਼ਾਦੀ ਦੀ ਗੱਲ ਸਿੱਖਾਂ ਉੱਪਰ ਹੋਏ ਅਣਮਨੁੱਖੀ ਜੁਲਮਾਂ ਦੀ ਗੱਲ ਹਿੰਦੋਸਤਾਨ ਦੀਆਂ ਹੱਦਾਂ ਟੱਪ ਕੇ ਪੂਰੇ ਸੰਸਾਰ ਦੇ ਵਿੱਚੋਂ ਦੀ ਹੋ ਕੇ ਯੂਨਾਈਟਿਡ ਨੇਸ਼ਨ ਓਰਗੇਨਾਈਜੇਸ਼ਨ ਭਾਵ ਯੂ ਐਨ ਓ ਤੱਕ ਵੀ ਪਹੁੰਚ ਗਈ ਹੈ , ਪਰ ਗੁਲਾਮੀ ਦੇ ਮਰੀਦ ਹੀ ਹੋ ਚੁੱਕੇ ਸਿੱਖ , ਜਿਨ੍ਹਾਂ ਦੇ ਹੱਡਾਂ ਨੂੰ ਤਾਂ ਛਡੋ ਖੂਨ ਨੂੰ ਵੀ ਛੱਡੋ ਉੱਹਨਾਂ ਸਿੱਖਾਂ ਦੇ ਤਾਂ ਅੰਤਰ ਆਤਮਾ ਵਿੱਚ ਵੀ ਗੁਲਾਮੀ ਵੜ ਗਈ ਲੱਗਦੀ ਹੈ ।ਬਾਕੀ ਭਾਈ ਗਲਤੀ ਸਿੱਖ

ਲੀਡਰਸ਼ਿਪ ਅਤੇ ਸਾਰੇ ਹੀ ਪਰਚਾਰਕ ਲਾਣੇ ਦੀ ਵੀ ਹੈ , ਉੱਹ ਭਾਵੇਂ ਰਾਗੀ ਹੋਣ ਢਾਡੀ ਹੋਣ ਗਾਉਣ ਵਾਲੇ ਹੋਣ ਲੇਖਕ ਹੋਣ ਬੁੱਧੀਜੀਵੀ ਹੋਣ ਸਾਧ ਬਾਬੇ ਹੋਣ ਡੇਰੇ ਹੋਣ ਟਕਸਾਲਾਂ ਹੋਣ ਨਿਹੰਗ ਜਥੇਬੰਦੀਆਂ ਹੋਣ । ਕੁੱਝ ਇੱਕ ਸੰਸਥਾਵਾਂ ਪ੍ਰਚਾਰਕਾਂ ਲਿਖਾਰੀਆਂ ਬੁੱਧੀਜੀਵੀਆਂ ਤੋਂ ਬਿਨਾਂ ਬਾਕੀ ਸਭ ਰੋਟੀਆਂ ਕਾਰਨ ਪੂਰੇ ਤਾਲ ਹੀ ਹਨ । ਗੁਰਦੁਆਰਿਆਂ ਦੀਆਂ ਕਮੇਟੀਆਂ ਕਿਸੇ ਨੂੰ ਖਾਲਿਸਤਾਨ ਦੀ ਗੱਲ ਨਹੀਂ ਕਰਨ ਦਿੰਦੀਆਂ, ਕੁੱਝ ਕੁ ਹਨ ਪੰਜ ਦਸ ਪ੍ਰਤੀਸ਼ਤ, ਬਾਕੀ ਸਭ ਚਮੜਾ ਅਤੇ ਦਮੜਾ ਬਚਾਊ ਮਹਿਕਮਾ ਹੀ ਹੈ । ਵਿਦੇਸ਼ਾਂ ਵਿੱਚ ਤਾਂ ਰੌਲਾ ਪੈ ਰਿਹਾ ਪੂਰੇ ਧੜੱਲੇ ਨਾਲ ਖਾਲਿਸਤਾਨ ਦਾ , ਰੈਫਰੈਂਡਮ ਹੋ ਰਹੇ ਹਨ , ਡਿਬੇਟਾਂ ਹੋ ਰਹੀਆਂ ਹਨ , ਨਕਸ਼ੇ ਅੰਬੈਸੀਆਂ ਕਰੰਸੀ ਪਾਸਪੋਰਟਾਂ ਤੱਕ ਬਣ ਰਹੇ ਹਨ ਪਰ ਪੰਜਾਬ ਅਤੇ ਭਾਰਤ ਵਿੱਚ ਰਹਿਣ ਵਾਲੀ ਬਹੁਗਿਣਤੀ ਸਿੱਖ ਵੱਸੋਂ ਡਰੀ ਹੋਈ ਵੀ ਅਤੇ ਸਹਿਮੀ ਹੋਈ ਵੀ ਹੈ ।ਪਹਿਲਾਂ ਨਾਲੋਂ ਤਾਂ ਕਾਫੀ ਫ਼ਰਕ ਪਿਆ ਹੈ ਪਰ ਹਾਲੇ ਵੀ ਘੱਟ ਹੈ । ਜਿੰਨਾ ਚਿਰ ਸਿੱਖਾਂ ਦੇ ਬੱਚੇ ਬੱਚੇ ਦੇ ਮੂੰਹ ਦਿਲ ਦਿਮਾਗ. ਅੰਤਰ ਆਤਮਾ ਵਿੱਚ ਆਜਾਦੀ ਖਾਲਿਸਤਾਨ ਖਾਲਸਾ ਰਾਜ ਨਹੀਂ ਵੱਸ ਜਾਂਦਾ ਓਨਾ ਚਿਰ ਗੱਲ ਬਣਨੀ ਹੀ ਨਹੀਂ ।ਏਸ ਕਾਰਜ ਲਈ ਬੜੀ ਮਿਹਨਤ ਦੀ ਲੋੜ ਹੈ ਹਾਲੇ । ਬਾਕੀ ਹਿੰਦੋਸਤਾਨ ਦੀ ਬਿੱਲੀ ਥੈਲਿਉਂ ਬਾਹਰ ਆ ਚੁੱਕੀ ਹੈ ।ਇਹਨਾਂ ਦੀ ਫਾਸ਼ੀਵਾਦੀ ਨੀਤੀ ਦੁਨੀਆਂ ਦੀ ਸਮਝ ਵਿੱਚ ਆ ਗਈ ਹੈ । ਸਾਰੀਆਂ ਘੱਟ ਗਿਣਤੀ ਕੌਮਾਂ ਉੱਪਰ ਹਿੰਦੋਸਤਾਨ ਵਲੋਂ ਕੀਤੇ ਜੁਲਮਾਂ ਦਾ ਭਾਂਡਾ ਚੌਰਾਹੇ ਵਿੱਚ ਭੱਜ ਚੁੱਕਾ ਹੈ । ਜਿਹੜੇ ਕਈ ਸਾਨੂੰ ਵੀ ਮੱਤਾਂ ਦਿੰਦੇ ਹਨ ਕਿ ਵਿਦੇਸ਼ਾਂ ਨਾਲੋਂ ਪੰਜਾਬ ਆ ਕੇ ਰੌਲਾ ਪਾਓ ਖਾਲਿਸਤਾਨ ਦਾ , ਉੱਹ ਭਾਈ ਤੁਸੀਂ ਤਾਂ ਪੰਜਾਬ ਵਿੱਚ ਹੀ ਬੈਠੇ ਹੋ , ਕਰੋ ਕੁੱਝ ? ਜਿਹੜਾ ਹਿੰਦੋਸਤਾਨ ਦੀ ਨੀਂਦ ਹਰਾਮ ਹੋਵੇ ।ਅਸੀਂ ਤਾਂ ਬਾਹਰ ਬੈਠ ਕੇ ਵੀ ਕੀਤੀ ਹੋਈ ਹੈ । ਇੱਕ ਭੇਜਿਆ ਸੀ ਦੁਬਈ ਤੋਂ ਓਸ ਨੂੰ ਹੀ ਛੁਡਾ ਲਓ , ਬੰਦੀ ਸਿੰਘ ਹੀ ਛੁਡਾ ਲਓ । ਕੁੱਝ ਵੀ ਨਹੀਂ ਕਰ ਸਕਦੇ ਤਾਂ ਭਈਏ ਹੀ ਭਜਾ ਦਿਓ ।ਅੱਜ ਗਾਂਧੀ ਦਾ ਜਨਮ ਦਿਨ ਹੈ , ਓਸ ਗਾਂਧੀ ਨੇ ਅਫਰੀਕਾ ਵਿੱਚ ਬੈਠੇ ਨੇ ਹਿੰਦੋਸਤਾਨ ਦੀ ਆਜ਼ਾਦੀ ਦੀ ਲੜਾਈ ਸ਼ੁਰੂ ਕੀਤੀ ਸੀ ।ਗਦਰੀ ਬਾਬੇ ਵੀ ਵਿਦੇਸ਼ਾਂ ਵਿੱਚੋਂ ਹੀ ਆਏ ਸਨ । ਭਾਈ ਤਲਵਿੰਦਰ ਸਿੰਘ ਵਰਗੇ ਹੋਰ ਵੀ ਕਈ ਖਾੜਕੂ ਵਿਦੇਸ਼ਾਂ ਵਿੱਚੋਂ ਆ ਕੇ ਹੀ ਜਾਮ ਏ ਸ਼ਹਾਦਤ ਪੀ ਗਏ ਸਨ ।ਹੁਣ ਡਰਨ ਘਬਰਾਉਣ ਦਾ ਸਮਾਂ ਨਹੀਂ ਹੈ । ਮਾਰਨਾ ਅਗਲਿਆਂ ਨੇ ਘਰ ਬੈਠਿਆਂ ਨੂੰ ਵੀ ਓਨਾ ਹੀ ਹੈ ਜਿਨ੍ਹਾਂ ਲੜਾਈ ਲੜਨ ਵਾਲਿਆਂ ਨੂੰ ਹੈ ।ਇਹ ਹੁਣ ਤੁਸੀਂ ਸਾਰੇ ਜਾਣੇ ਸੋਚ ਲਿਓ ਕਿ ਮੈਦਾਨੇ ਜੰਗ ਵਿੱਚ ਜੂਝ ਕੇ ਮਰਨਾ ਹੈ ਜਾਂ ਘਰਾਂ ਵਿੱਚ ਬੈਠ ਕੇ ਹੀ ਕੁੱਟ ਖਾਣੀ ਹੈ ।ਹੁਣ ਥਾਲ਼ੀ ਵਿੱਚ ਪਰੋਸ ਕੇ ਤਾਂ ਖਾਲਿਸਤਾਨ ਮਿਲਣਾ ਨਹੀਂ, ਉੱਹ ਸਮਾਂ ਲੰਘ ਗਿਆ 1947 ਵਿੱਚ, ਹੁਣ ਤਾਂ ਉੱਹੀ ਹਾਲਾਤ ਬਣਨਗੇ ਤੇ ਘੱਲੂਘਾਰਾ ਹੀ ਹੋਵੇਗਾ ਲੱਗਦਾ । ਬਾਕੀ ਭਾਈ ਸਮਾਂ ਨਜਦੀਕ ਹੀ ਹੈ , ਸਾਡਾ ਚੌਂਕੀਦਾਰਾਂ ਦਾ ਕੰਮ ਹੈ ਹੋਕਾ ਦੇਣਾ, ਬਾਕੀ ਮਰਜ਼ੀ ਤੁਹਡੀ ਸਭ ਦੀ ਹੈ। ਜਿਹੜੇ ਏਸ ਖਾਲਿਸਤਾਨ ਦੇ ਰਸਤੇ ਤੁਰੇ ਹੋਏ ਹਨ ਉੱਹ ਕਾਰਜਾਂ ਵਿੱਚ ਤੇਜ਼ੀ ਲਿਆਓ , ਜਿਹੜੇ ਹਾਲੇ ਸੋਚਾਂ ਹੀ ਸੋਚਦੇ ਹਨ ਉੱਹ ਤਿਆਰੀਆਂ ਕਰੋ । ਪਹਿਲਾਂ ਖਾਲਸੇ ਬਣੋ ਅੰਮ੍ਰਿਤ ਛਕੋ ਤਿਆਰ ਬਰ ਤਿਆਰ ਹੋਵੋ , ਵਹਿਮਾਂ ਭਰਮਾਂ ਅਤੇ ਸਰਕਾਰਾਂ ਦੀਆਂ ਚਾਲਾਂ ਤੋਂ ਵੀ ਬਚੋ । ਫੇਰ ਗੁਰੂ ਸਾਹਿਬ ਜੀ ਕਿਰਪਾ ਦਰਿਸ਼ਟੀ ਕਰਨਗੇ । ਦੁਨੀਆਂ ਚੰਦਰਮਾ ਤੋਂ ਟੱਪ ਕੇ ਮੰਗਲ ਗ੍ਰਹਿ ਅਤੇ ਅੱਗੇ ਜੁਪੀਟਰ ਤੱਕ ਪਹੁੰਚ ਚੱਲੀ ਹੈ , ਤੇ ਸਿੱਖ ਹਾਲੇ ਗਲ੍ਹੀਆਂ ਨਾਲੀਆਂ ਅਤੇ ਮਰਯਾਦਾਵਾਂ ਵਿੱਚ ਹੀ ਉੱਲਝੇ ਹੋਏ ਹਨ ।ਸਾਡੇ ਤਾਂ ਪਕੌੜੇ ਲੰਗਰ ਗਰੰਥੀਆਂ ਕਮੇਟੀਆਂ ਪ੍ਰਧਾਨਗੀਆਂ ਜਥੇਬੰਦੀਆਂ ਚੌਧਰਾਂ ਦੇ ਮਸਲੇ ਹੀ ਹਾਲੇ ਸੂਤ ਨਹੀਂ ਆਉਂਦੇ, ਦੇਸ਼ ਬਣਾਉਣੇ, ਦੇਸ਼ ਚਲਾਉਣੇ , ਰਾਜ ਕਰਨੇ ਤਾਂ ਬਹੁਤ ਦੂਰ ਦੀਆਂ ਗੱਲਾਂ ਨੇ ਵੀਰੋ , ਖਾਲਸਾ ਜੀ , ਸੰਗਤ ਜੀ , ਸਿੱਖੋਆਪਣੇ ਬੱਚਿਆਂ ਨੂੰ ਉੱਚੇਰੀ ਵਿੱਦਿਆ ਦਿਵਾਓ , ਡਾਕਟਰ ਵਕੀਲ ਜੱਜ ਪਾਇਲਟ ਸਾਇੰਸਦਾਨ ਰਾਜਨੀਤੀ ਦੇ ਮਾਹਿਰ ਆਈ ਪੀ ਐਸ ਪੀ ਸੀ ਐਸ ਸਭ ਕੁੱਝ ਬਣਾਓ ਅਰਥਸ਼ਾਸਤਰੀ ਬਣਾਓ ਭਾਈ । ਕਿਰਪਾ ਕਰੀਏ ਹੁਣ ਆਪਾਂ ਸਾਰੇ ਜਾਣੇ ਆਪਣੇ ਆਪ ਉੱਪਰ ਹੀ ।ਐਥੇ ਕਿਸੇ ਨੇ ਨੀ ਆਉਣਾ ਇਹ ਗੱਲਾਂ ਸਮਝਾਉਣ। ਹੁਣ ਇਹ ਨਾ ਸੋਚੋ ਕਿ ਫਲਾਣਾ ਕੀ ਕਰ ਰਿਹਾ ਹੈ , ਹੁਣ ਤਾਂ ਇਹ ਹੀ ਸੋਚੋ ਕਿ ਮੈਂ ਧਰਮ ਲਈ ਅਤੇ ਆਜ਼ਾਦੀ ਲਈ ਕੀ ਕਰ ਰਿਹਾ ਹਾਂ ।ਠੀਕ ਭਾਈ ਜੀ , ਭੁੱਲਾਂ ਚੁੱਕਾਂ ਦੀ ਖਿਮਾ ਬਖਸ਼ਣੀ , ਘੜੀ ਦੀ ਸੂਈ ਸੌਣ ਦਾ ਇਸ਼ਾਰਾ ਕਰ ਹੀ ਹੈ , ਜਿਊਂਦੇ ਰਹੇ ਤਾਂ ਫੇਰ ਅਗਲੇ ਲੇਖ ਵਿੱਚ ਸਹੀ।

**- ਹਰਪ੍ਰੀਤ ਸਿੰਘ ਪੰਮਾ (ਅਸਟਰੀਆ)**


ਆਵਾਜ਼ਿ ਕੌਮ AWAZE QAUM International Newspaper & WEB TV

# ਮੱਧ ਪ੍ਰਦੇਸ਼ ਵਿਧਾਨ ਸਭਾ ਵੱਲੋਂ ਪੂਰਵ ਕੇਂਦਰੀ ਮੰਤਰੀ ਸਰਦਾਰ ਸੁਖਦੇਵ ਸਿੰਘ ਢੀਂਡਸਾ ਨੂੰ ਦਿੱਤੀ ਸ਼ਰਧਾਂਜਲੀ



**ਭੋਪਾਲ, 18 ਸਤੰਬਰ (ਆਵਾਜ਼ਿ ਕੌਮ ਬਿਊਰੋ)** - ਮੱਧ ਪ੍ਰਦੇਸ਼ ਵਿਧਾਨ ਸਭਾ ਵੱਲੋਂ ਸਤਿਕਾਰਯੋਗ ਸਰਦਾਰ ਸੁਖਦੇਵ ਸਿੰਘ ਢੀਂਡਸਾ, ਪੂਰਵ ਕੇਂਦਰੀ ਮੰਤਰੀ ਅਤੇ ਸੀਨੀਅਰ ਆਗੂ ਦੇ ਅਕਾਲ ਚਲਾਣੇ 'ਤੇ ਵਿਧਾਨ ਸਭਾ ਦੀ ਕਾਰਵਾਈ ਦੌਰਾਨ ਗਹਿਰਾ ਦੁੱਖ ਪ੍ਰਗਟ ਕਰਦਿਆਂ ਉਨ੍ਹਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਗਈ। ਵਿਧਾਨ ਸਭਾ ਦੇ ਅਧਿਕਾਰੀ ਸ੍ਰੀ ਸਵਿੰਦ ਨਾਥ ਦੁਬੇ, ਉਪ-ਸਚਿਵ ਮੱਧ ਪ੍ਰਦੇਸ਼ ਵਿਧਾਨ ਸਭਾ ਵੱਲੋਂ ਜਾਰੀ ਕੀਤੇ ਪੱਤਰ ਵਿੱਚ ਦੱਸਿਆ ਗਿਆ ਹੈ ਕਿ 28 ਜੁਲਾਈ 2025 ਨੂੰ ਵਿਧਾਨ ਸਭਾ ਵਿੱਚ ਹੋਈ ਕਾਰਵਾਈ ਦੌਰਾਨ ਢੀਂਡਸਾ ਜੀ ਦੇ ਦੇਹਾਂਤ 'ਤੇ ਸ਼ੋਕ ਪ੍ਰਗਟ ਕਰਦੇ ਹੋਏ ਉਨ੍ਹਾਂ ਦੀ ਯਾਦ 'ਚ ਵਿਸ਼ੇਸ਼ ਉਲੇਖ ਕੀਤਾ ਗਿਆ ਸੀ। ਇਸ ਸ਼ਰਧਾਂਜਲੀ ਦੀ ਪ੍ਰਤਿ ਮੱਧ ਪ੍ਰਦੇਸ਼ ਵਿਧਾਨ ਸਭਾ ਵੱਲੋਂ ਪੰਜਾਬ ਸਰਕਾਰ ਦੇ ਮੁੱਖ ਸਕੱਤਰ ਨੂੰ ਭੇਜੀ ਗਈ ਹੈ, ਤਾਂ ਜੋ ਉਹ ਢੀਂਡਸਾ ਪਰਿਵਾਰ ਦੇ ਵਰਿਸ਼ਠ ਮੈਂਬਰਾਂ ਨੂੰ ਇਹ ਪ੍ਰੇਰਕ ਪੱਤਰ ਸੌਂਪ ਸਕਣ ਅਤੇ ਵਿਧਾਨ ਸਭਾ ਦੀ ਸ਼ਰਧਾਂਜਲੀ ਉਨ੍ਹਾਂ ਤੱਕ ਪਹੁੰਚਾਈ ਜਾ ਸਕੇ। ਇਹ ਕਦਮ ਮੱਧ ਪ੍ਰਦੇਸ਼ ਸਰਕਾਰ ਵੱਲੋਂ ਸਰਦਾਰ ਸੁਖਦੇਵ ਸਿੰਘ ਢੀਂਡਸਾ ਦੀ ਲੰਬੀ ਰਾਜਨੀਤਿਕ ਤੇ ਲੋਕ ਸੇਵਾ ਪ੍ਰਤੀ ਸਨਮਾਨ ਦੇਣ ਵੱਲ ਇੱਕ ਮਾਣਯੋਗ ਪ੍ਰਯਾਸ ਵਜੋਂ ਦੇਖਿਆ ਜਾ ਰਿਹਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV



मध्यप्रदेश विधान सभा सचिवालय

क्रमांक 687 /वि.स./विधान/का.वि./2025- भोपाल-462004, दिनांक 18/9/2025

प्रेषक :-
रवीन्द्र नाथ दुबे,
अवर सचिव.

प्रेषिति –
मुख्य सचिव,
पंजाब सरकार,
चंडीगढ़.

विषय :- पूर्व केन्द्रीय मंत्री, सरदार सुखदेव सिंह ढींडसा के देहावसान का उल्लेख.

****

महोदय,

आदेशानुसार, सरदार सुखदेव सिंह ढींडसा, पूर्व केन्द्रीय मंत्री के देहावसान पर मध्यप्रदेश विधान सभा में दिनांक 28 जुलाई, 2025 को किये गये उल्लेख के संबंध में मध्यप्रदेश विधान सभा की कार्यवाही के उद्धरण की एक प्रति स्वर्गीय श्री ढींडसा के परिवार के वरिष्ठ सदस्य को प्रेषित करने के लिए भेजी जा रही है, उद्धरण की प्रति उन्हें देकर उसकी प्राप्ति की रसीद अपने कार्यालय में रखें तथा यह किसे और किस दिनांक को दिया गया, तदाशय की सूचना इस सचिवालय को अतिशीघ्र भेजने का कष्ट करें

भवदीय,

अवर सचिव,
मध्यप्रदेश विधान सभा.

# ਮਸਲਾ ਸਾਰਾ ਰੋਟੀ ਦਾ ਜਾਂ ਬੋਟੀ ਦਾ

**ਅੰਮ੍ਰਿਤਸਰ-8 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਜਿੱਥੇ ਕਿਸੇ ਵੀ ਸੰਸਥਾ ਨੂੰ ਚਲਾਉਣ ਲਈ ਇੱਕ ਸੁਹਿਰਦ ਆਗੂ ਦੀ ਲੋੜ ਹੁੰਦੀ ਹੈ। ਉੱਥੇ ਹੀ ਉਸ ਸੰਸਥਾ ਦੇ ਵਰਕਰਾਂ ਦਾ ਜਾਂ ਸੰਸਥਾ ਦੇ ਸਟਾਫ ਦਾ ਸੁਹਿਰਦ ਹੋਣਾ ਵੀ ਲਾਜ਼ਮੀ ਹੁੰਦਾ ਹੈ ਕਿਉਂਕਿ ਵਰਕਰ ਜਾਂ ਸਟਾਫ ਹੀ ਮੁੱਖ ਆਗੂ ਦੇ ਸਲਾਹਕਾਰ ਹੁੰਦੇ ਹਨ। ਕਹਿੰਦੇ ਕਿ ਮਾੜੀ ਸੰਗਤ ਅਤੇ ਮਾੜੀ ਸਲਾਹ ਵੀ ਕਈ ਵਾਰ ਆਦਮੀ ਨੂੰ ਲੈ ਕੇ ਬਹਿ ਜਾਂਦੀ ਹੈ। ਵੱਡੀਆਂ-ਵੱਡੀਆਂ ਸੰਸਥਾਵਾਂ ਨਸ਼ਟ ਹੁੰਦੀਆਂ ਦੇਖੀਆਂ ਹਨ ਇਸ ਚੱਕਰ ਵਿੱਚ। ਸਭ ਦੀ ਇੱਕ ਸੋਚ, ਇੱਕ ਨਿਸ਼ਾਨਾ, ਇੱਕ ਜਜ਼ਬਾ ਹੋਣਾ ਹੀ ਕਿਸੇ ਵੀ ਮੂਵਮੈਂਟ ਨੂੰ ਕਾਮਯਾਬ ਬਣਾਉਂਦਾ ਹੈ। ਸਿਧਾਂਤਾਂ ਦੇ ਪੱਕੇ ਹੋਣਾ ਸਭ ਤੋਂ ਵੱਡਾ ਅੰਗ ਹੁੰਦਾ ਹੈ ਚਾਹੇ ਉਹ ਇਨਸਾਨ ਦੀ ਖੁਦ ਦੀ ਸ਼ਖਸੀਅਤ ਹੋਵੇ ਜਾਂ ਫਿਰ ਕੋਈ ਸੰਸਥਾ ਹੋਵੇ। ਮੁੱਖ ਆਗੂ ਹੀ ਹਮੇਸ਼ਾਂ ਸਭ ਦੀਆਂ ਨਜ਼ਰਾਂ ਵਿੱਚ ਹੁੰਦਾ ਹੈ ਪਰ ਉਸਦਾ ਕਾਮਯਾਬ ਹੋਣਾ ਜਾਂ ਨਾਕਾਮਯਾਬ ਹੋਣ ਪਿੱਛੇ

ਆਵਾਜ਼ਿ ਕੌਮ AWAZE QAUM International Newspaper & WEB TV

ਉਸਦੀ ਟੀਮ, ਉਸਦੇ ਸਟਾਫ ਅਤੇ ਉਸਦੇ ਸਲਾਹਕਾਰਾਂ ਦਾ ਬਹੁਤ ਵੱਡਾ ਯੋਗਦਦਾਨ ਹੁੰਦਾ ਹੈ। ਮੁੱਖ ਆਗੂ ਵਿੱਚ ਖੁਦ ਇੰਨੀ ਕਾਬਲੀਅਤ ਹੋਣੀ ਚਾਹੀਦੀ ਹੈ ਕਿ ਉਹ ਆਪਣੇ ਉਦੇਸ਼ ਨੂੰ ਲੈ ਕੇ ਬਿਲਕੁਲ ਸਪੱਸ਼ਟ ਹੋਵੇ ਅਤੇ ਜਦੋਂ ਉਹ ਆਪਣੇ ਵਰਕਰਾਂ, ਸਟਾਫ ਜਾਂ ਕਹਿ ਲਓ ਸਲਾਹਕਾਰਾਂ ਤੋਂ ਸਲਾਹ ਲੈ ਰਿਹਾ ਹੋਵੇ ਜਾਂ ਕਿਸੇ ਵਿਸ਼ੇ ਤੇ ਚਰਚਾ ਕਰ ਰਿਹਾ ਹੋਵੇ ਤਾਂ ਉਸ ਵਿੱਚ ਕਾਬਲੀਯਤ ਹੋਵੇ ਕਿ ਕਿਸੇ ਵੀ ਤਰ੍ਹਾਂ ਸੰਸਥਾ ਦੇ ਸਿਧਾਂਤਾਂ ਨਾਲ ਸਮਝੌਤਾ ਨਾ ਕੀਤਾ ਜਾਵੇ। ਮੈਂ ਬਹੁਤ ਵੱਡੇ-ਵੱਡੇ ਆਗੂ ਸਿਰਫ ਇਸ ਲਈ ਨਸ਼ਟ ਹੁੰਦੇ ਦੇਖੇ ਹਨ ਕਿਉਂਕਿ ਉਹ ਆਪਣੇ ਸਟਾਫ 'ਤੇ ਅੱਖਾਂ ਬੰਦ ਕਰਕੇ ਯਕੀਨ ਕਰਦੇ ਹਨ। ਸਟਾਫ ਜਾਂ ਵਰਕਰ ਆਪਣੀਆਂ ਮਨ ਮਰਜੀਆਂ ਕਰਦੇ ਹਨ ਅਤੇ ਆਪਣੇ ਆਗੂ ਦੀ ਬੱਲੇ-ਬੱਲੇ ਕਰਕੇ ਆਪਣੇ ਆਗੂ ਨੂੰ ਇਸ ਤਰਾਂ ਮਹਿਸੂਸ ਕਰਵਾਉਂਦੇ ਹਨ ਕਿ ਹੁਣ ਆਗੂ ਨੂੰ ਹਰ ਕਿਸੇ ਨਾਲ ਗੱਲ ਕਰਣ ਦੀ ਲੋੜ ਨਹੀਂ। ਆਪਣੇ ਆਗੂ ਨੂੰ ਇੰਨਾ ਭਰੋਸਾ ਦਿੰਦੇ ਹਨ ਕਿ ਤੁਸੀਂ ਹੁਣ ਉਸ ਸਟੇਟਸ ਤੇ ਪਹੁੰਚ ਗਏ ਹੋ ਕਿ ਤੁਹਾਨੂੰ ਹੁਣ ਸਭ ਵਿੱਚ ਵਿਚਰਨ ਦੀ ਲੋੜ ਨਹੀਂ। ਅਸੀਂ ਸਭ ਸਾਂਭ ਲਵਾਂਗੇ। ਬੱਸ ਉੱਥੇ ਹੀ ਕਿਸੇ ਵੀ ਸੰਸਥਾ ਜਾਂ ਆਗੂ ਦੇ ਅੰਤ ਦਾ ਆਗਾਜ਼ ਹੁੰਦਾ ਹੈ। ਆਗੂ ਇਸ ਨਜ਼ਾਰੇ ਵਿੱਚ ਗਲਤਾਨ ਹੁੰਦਾ ਹੈ ਕਿ ਮੈਂ ਜੋ ਸਟੇਟਸ ਚਾਹੁੰਦਾ ਸੀ ਉਹ ਮੈਂ ਪ੍ਰਾਪਤ ਕਰ ਲਿਆ ਹੈ। ਪਰ ਆਗੂ ਇਹ ਸਮਝ ਹੀ ਨਹੀਂ ਪਾਉਂਦਾ ਕਿ ਵਰਕਰ ਜਾਂ ਸਟਾਫ ਜਾਂ ਉਸਦੇ ਸਲਾਹਕਾਰ ਉਸਨੂੰ ਅਤੇ ਸੰਸਥਾ ਨੂੰ ਅੰਤ ਵੱਲ ਲੈ ਕੇ ਜਾ ਰਹੇ ਹਨ। ਕਹਿੰਦੇ ਹਨ ਨਜ਼ਰ ਹਟੀ ਦੁਰਘਟਨਾ ਘਟੀ। ਬਿਲਕੁਲ ਸਹੀ ਹੈ। ਸਾਰੀ ਗੱਲ ਤੁਹਾਡੀ ਨਜ਼ਰ ਉੱਤੇ ਹੈ। ਤੁਸੀਂ ਜਦੋਂ ਵੀ ਆਪਣੇ ਉਦੇਸ਼ ਤੋਂ ਨਜ਼ਰ ਹਟਾਈ ਤੁਹਾਡਾ ਖਾਤਮਾ ਤੈਅ ਹੈ। ਕਿਉਂਕਿ ਜਰੂਰੀ ਨਹੀਂ ਹੁੰਦਾ ਕਿ ਕਿਸੇ ਵੀ ਸੰਸਥਾ ਜਾਂ ਆਗੂ ਕੋਲ ਇੱਕ ਹੀ ਸੋਚ ਦੇ ਵਰਕਰ, ਸਟਾਫ ਜਾਂ ਸਲਾਹਕਾਰ ਹੋਣ। ਆਗੂ ਜਾਂ ਸੰਸਥਾ ਕਦੇ ਵੀ ਇਹ ਸਮਝ ਨਹੀਂ ਪਾਉਂਦੀ ਕਿ ਉਸਨੂੰ ਹਮੇਸ਼ਾਂ ਹਾਰ ਦਾ ਸਾਹਮਣਾ ਕਿਉਂ ਕਰਨਾ ਪੈਂਦਾ ਹੈ ਕਿਉਂਕਿ ਉਹ ਆਪਣੇ ਵਰਕਰਾਂ, ਸਟਾਫ ਅਤੇ ਸਲਾਹਕਾਰਾਂ ਦੇ ਮਿੱਠ ਬੋਲੜੇ ਸੁਭਾਅ ਦਾ ਇੰਨਾਂ ਕਾਇਲ ਹੁੰਦਾ ਕਿ ਉਸਨੂੰ ਸਮਝ ਨਹੀਂ ਲੱਗਦੀ ਕਿ ਅਸਲ ਕਮੀ ਕਿੱਥੇ ਹੈ ? ਉਹ ਹਮੇਸ਼ਾਂ ਇਹ ਸੋਚਦਾ ਹੈ ਕਿ ਮੈਂ ਬਹੁਤ ਚੰਗਾ ਹਾਂ, ਮੈਂ ਬਹੁਤ ਮਿੱਠ ਬੋਲੜਾ ਹਾਂ, ਮੇਰਾ ਸਟਾਫ ਬਹੁਤ ਮਿੱਠ ਬੋਲੜਾ ਹੈ, ਅਸੀਂ ਸਭ ਦਾ ਸਤਿਕਾਰ ਬਹੁਤ ਕਰਦੇ ਹਾਂ, ਪਰ ਫਿਰ ਵੀ ਲੋਕ ਮੈਨੂੰ ਜਾਂ ਮੇਰੀ ਸੰਸਥਾ ਨੂੰ ਪਸੰਦ ਕਿਉਂ ਨਹੀਂ ਕਰਦੇ ? ਆਗੂ ਅਤੇ ਉਸਦਾ ਸਟਾਫ ਇਹ ਭੁੱਲ ਜਾਂਦੇ ਹਨ ਕਿ ਉਹ ਖੁਦ ਵਿੱਚ ਖੇਡਾਂ ਖੇਡ ਕੇ ਇੱਕ ਦੂਸਰੇ ਨੂੰ ਬੇਵਕੂਫ ਬਣਾ ਸਕਦੇ ਹਨ, ਪਰ ਸਮਾਜ ਨੂੰ ਨਹੀਂ। ਜਲਦ ਹੀ ਸਭ ਨੂੰ ਸਮਝ ਲੱਗ ਜਾਂਦਾ ਹੈ ਕਿ ਇਸ ਆਗੂ ਦਾ ਸਟਾਫ ਅਤੇ ਵਰਕਰ ਜਾਂ ਸਲਾਹਕਾਰ ਮਤਲਬ ਪ੍ਰਸਤ ਹਨ। ਉਹ ਸਿਰਫ ਆਪਣਾ ਉੱਲੂ ਸਿੱਧਾ ਕਰਨ ਵਿੱਚ ਲੱਗੇ ਹੋਏ ਹਨ। ਸੁਹਿਰਦ ਸ਼ਖਸੀਅਤਾਂ ਨੂੰ ਆਗੂ ਤੱਕ ਪਹੁੰਚਣ ਹੀ ਨਹੀਂ ਦੇਣਾ, ਆਗੂ ਨੂੰ ਸੁਹਿਰਦ ਸ਼ਖਸੀਅਤਾਂ ਦੀ ਸੰਗਤ ਵਿੱਚ ਬਹਿਣ ਹੀ ਨਹੀਂ ਦੇਣਾ, ਆਗੂ ਦਾ ਦਾਇਰਾ ਚਾਰੇ ਪਾਸਿਓਂ ਮਤਲਬ ਪ੍ਰਸਤ ਵਰਕਰਾਂ, ਸਟਾਫ ਜਾਂ ਸਲਾਹਕਾਰਾਂ ਨਾਲ ਹੀ ਘੇਰੀ ਰੱਖਣਾ। ਸੁਹਿਰਦ ਸ਼ਖਸੀਅਤਾਂ ਨੂੰ ਜਦੋਂ ਬਾਰ-ਬਾਰ ਇਗਨੋਰ ਕੀਤਾ ਜਾਏਗਾ, ਮੁੱਖ ਆਗੂ ਤੱਕ ਪਹੁੰਚਣ ਹੀ ਨਹੀਂ ਦਿੱਤਾ ਜਾਏਗਾ ਤਾਂ ਸੁਹਿਰਦ ਸ਼ਖਸੀਅਤਾਂ ਖੁਦ-ਬ-ਖੁਦ ਮੁੱਖ ਆਗੂ ਤੋਂ ਪਿੱਛੇ ਹਟ ਜਾਣਗੀਆਂ। ਮੁੱਖ ਆਗੂ ਨਾਲ ਮਤਲਬ ਪ੍ਰਸਤ ਵਰਕਰ, ਸਟਾਫ ਜਾਂ ਸਲਾਹਕਾਰ ਇਹ ਹੀ ਵਿਚਾਰ ਕਰਦੀਆਂ ਦਿਸਣਗੀਆਂ ਕਿ ਦੇਖੋ ਜੀ ਆਪ ਜੀ ਕਿੰਨੇ ਵਧੀਆ ਇਨਸਾਨ ਹੋ, ਪਰ ਆਪ ਜੀ ਦਾ ਕੋਈ ਸਾਥ ਨਹੀਂ ਦਿੰਦਾ। ਕੋਈ ਵੀ ਲਹਿਰ ਜਾਂ ਕੋਈ ਵੀ ਸੰਸਥਾ ਇਸ ਤਰ੍ਹਾਂ ਹੀ ਖਤਮ ਕੀਤੀ ਜਾਂਦੀ ਹੈ। ਇਹ ਮਤਲਬ ਪ੍ਰਸਤ ਸਟਾਫ ਜਾਂ ਵਰਕਰ ਬਹੁਤ ਹੀ ਸੋਚ ਸਮਝ ਕੇ ਵਿਰੋਧੀ ਧਿਰ ਵੱਲੋਂ ਪਲਾਂਟ ਕੀਤੇ ਜਾਂਦੇ ਹਨ ਜਾਂ ਫਿਰ ਖਰੀਦ ਲਏ ਜਾਂਦੇ ਹਨ। ਜੋ ਹੁੰਦੇ ਤਾਂ ਦਿਖਾਉਣ ਲਈ ਮੁੱਖ ਆਗੂ ਦੇ ਵਰਕਰ ਜਾਂ ਸਟਾਫ ਜਾਂ ਸਲਾਹਕਾਰ ਹੁੰਦੇ ਹਨ ਪਰ ਉਨਾਂ ਦੇ ਗਲੇ ਦੇ ਪੱਟੇ ਦੀ ਰੱਸੀ ਵਿਰੋਧੀ ਧਿਰ ਜਾਂ ਦੁਸ਼ਮਣਾਂ ਦੇ ਹੱਥ ਵਿੱਚ ਹੁੰਦੀ ਹੈ। ਕਿਉਂਕਿ ਮਤਲਬ ਪ੍ਰਸਤ ਵਰਕਰ, ਸਟਾਫ ਜਾਂ ਸਲਾਹਕਾਰਾਂ ਨੂੰ ਸਿਰਫ ਆਪਣੀ ਬੋਟੀ ਜਾਂ ਰੋਟੀ ਹੀ ਦਿੱਸਦੀ ਹੈ। ਉਨਾਂ ਨੂੰ ਕਿਸੇ ਵੀ ਤਰਾਂ ਦੇ ਸੰਘਰਸ਼ ਜਾਂ ਲਹਿਰ ਨਾਲ ਕੋਈ ਮਤਲਬ ਨਹੀਂ ਹੁੰਦਾ। ਇੰਨਾਂ ਮਤਲਬ ਪ੍ਰਸਤ ਲੋਕਾਂ ਨੇ ਸਿਰਫ ਆਪਣੇ ਚੁੱਲ੍ਹੇ ਵਿੱਚ ਅੱਗ ਬਾਲਣੀ ਹੁੰਦੀ ਹੈ। ਬਾਲਣ ਬੇਸ਼ੱਕ ਮੁੱਖ ਆਗੂ ਕੋਲੋਂ ਮਿਲੇ ਚਾਹੇ ਵਿਰੋਧੀ ਧਿਰ ਕੋਲੋਂ। ਪਰ ਇਤਿਹਾਸ ਇੰਨਾਂ ਮਤਲਬ ਪ੍ਰਸਤ ਲੋਕਾਂ ਨੂੰ ਹਮੇਸ਼ਾਂ ਯਾਦ ਰੱਖਦਾ ਹੈ ਅਤੇ ਕਿਸੇ ਵੀ ਸੁਹਿਰਦ ਆਗੂ, ਸੰਸਥਾ, ਲਹਿਰ ਜਾਂ ਸੰਘਰਸ਼ ਦੀ ਨਾਕਾਮੀ ਜਾਂ ਅੰਤ ਦਾ ਸਹਿਰਾ ਇੰਨਾਂ ਮਤਲਬ ਪ੍ਰਰਸਤ ਲੋਕਾਂ ਦੇ ਨਾਮ ਕਲਮ ਰਾਹੀਂ ਜਰੂਰ ਉਜਾਗਰ ਕਰਦਾ ਹੈ। ਕਿਸੇ ਵੀ ਮੁੱਖ ਆਗੂ ਦਾ ਖੁਦ ਦਾ ਰੁੱਤਬਾ ਇਸ ਕਦਰ ਉੱਚਾ ਹੋਣਾ ਚਾਹਿਦਾ ਹੈ ਕਿ ਉਸਨੂੰ ਵਰਕਰਾਂ ਜਾਂ ਸਟਾਫ ਤੋਂ ਸਲਾਹਾਂ ਲੈਣ ਦੀ ਲੋੜ ਨਾ ਪਵੇ ਬਲਕਿ ਖੁਦ ਉਹਨਾਂ ਨੂੰ ਸਲਾਹ ਦੇਵੇ ਕਿ ਕਿਸ ਤਰ੍ਹਾਂ ਕੰਮ ਕਰਨਾ ਹੈ। ਮੁੱਖ ਆਗੂ ਨੂੰ ਆਪਣੇ ਸਟਾਫ, ਵਰਕਰਾਂ ਅਤੇ ਸਲਾਹਕਾਰਾਂ ਦੀ ਚੋਣ ਕਰਦੇ ਸਮੇਂ ਉਨਾਂ ਦੇ ਕਿਰਦਾਰ ਅਤੇ ਉਨਾਂ ਦੀ ਵਿੱਦਿਆ ਅਤੇ ਉਨਾਂ ਦੀ ਵਿਚਾਰਧਾਰਾ ਨੂੰ ਜਰੂਰ ਪਰਖ ਲੈਣਾ ਚਾਹੀਦਾ ਹੈ। ਜੇਕਰ ਵਰਕਰਾਂ ਜਾਂ ਸਟਾਫ ਦੀ ਸੋਚ ਸਿਰਫ ਰੋਟੀ ਜਾਂ ਬੋਟੀ ਹੈ ਤਾਂ ਉਹ ਕਦੇ ਵੀ ਕਿਸੇ ਵੀ ਲਹਿਰ ਨੂੰ ਜਾਂ ਕਿਸੇ ਵੀ ਸੰਘਰਸ਼ ਨੂੰ ਜਾਂ ਕਿਸੇ ਵੀ ਸੰਸਥਾ ਨੂੰ ਕਦੇ ਵੀ ਵੇਚ ਕੇ ਆਪਣੇ ਲਈ ਰੋਟੀ ਜਾਂ ਬੋਟੀ ਖਰੀਦ ਲਏਗਾ ਅਤੇ ਸਾਰੇ ਸਮਾਜ ਵਿੱਚ ਇਹ ਪਤਾ ਹੀ ਨਹੀਂ ਲੱਗਣ ਦੇਵੇਗਾ ਕਿ ਇਹ ਖਰੀਦੋ ਫਰੋਖਤ ਉਸਦੇ ਮੁੱਖ ਆਗੂ ਨੇ ਨਹੀਂ ਬਲਕਿ ਉਸਦੇ ਖੁਦ ਦੇ ਦਿਮਾਗ ਦੀ ਉਪਜ ਹੈ। ਅੰਤ ਵਿੱਚ ਆਗੂ ਹਮੇਸ਼ਾਂ ਇਹ ਸਵਾਲ ਲੈ ਕੇ ਫਿਰਦਾ ਦਿਸੇਗਾ, ਮੈਂ ਮਾੜਾ ਕੀਤਾ ਕੀ ? ਮੈਂ ਕਿੱਥੇ ਤੁਹਾਡੇ ਨਾਲ ਨਹੀਂ ਖੜਿਆ ? ਮੇਰਾ ਸਾਥ ਤੁਸੀਂ ਕਿਉਂ ਨਹੀਂ ਦਿੰਦੇ ? ਮੈਂ ਵਿਕਾਊ ਨਹੀਂ ਹਾਂ ? ਪਰ ਇਹ ਸੱਚਾਈ ਹੈ ਸ਼ੁਤਰ ਮੁਰਗ ਬਣ ਕੇ ਕਦੇ ਵੀ ਕੋਈ ਆਗੂ ਇਤਿਹਾਸ ਨਹੀਂ ਰੱਚ ਸਕਦਾ। ਆਗੂ ਨੂੰ ਉਸ ਬੇੜੀ ਦਾ ਮਲਾਹ ਬਣਨਾ ਪੈਂਦਾ ਜਿਸ ਬੇੜੀ ਦੇ ਭਰ ਜਾਣ ਨਾਲ ਮਲਾਹ ਹੋਰ ਸਵਾਰੀਆਂ ਨੂੰ ਬਿਠਾਉਣ ਤੋਂ ਸਾਫ ਇਨਕਾਰ ਕਰ ਦੇਵੇ। ਪਰ ਫਿਰ ਵੀ ਸਵਾਰੀਆਂ ਕਿਨਾਰੇ ਤੇ ਖੜ ਕੇ ਉਸ ਮਲਾਹ ਦੇ ਵਾਪਸ ਆਉਣ ਦੀ ਉਡੀਕ ਕਰਨ ਕਿ ਇਸ ਮਲਾਹ ਦੀ ਬੇੜੀ ਵਿੱਚ ਪਾਰ ਜਾਣਾ ਹੈ। ਕਿਉਂਕਿ ਉਨਾਂ ਨੂੰ ਭਰੋਸਾ ਹੁੰਦਾ ਹੈ ਕਿ ਇਸ ਮਲਾਹ ਨੇ ਸਾਨੂੰ ਸਹੀ ਸਲਾਮਤ ਪਾਰ ਲੰਘਾ ਦੇਣਾ ਹੈ। ਸਮਾਜ ਦਾ ਵਿਸ਼ਵਾਸ ਆਪਣੇ ਆਗੂ ਉੱਤੇ ਅਤੇ ਆਗੂ ਦਾ ਆਪਣੇ ਵਰਕਰ ਅਤੇ ਸਟਾਫ ਉੱਤੇ, ਇੱਕ ਕੱਚਾ ਸੂਤਰਧਾਰ ਹੈ। ਜੋ ਇੱਕ ਵਾਰ ਟੁੱਟ ਗਿਆ ਤਾਂ ਜੁੜ ਬੇਸ਼ੱਕ ਜਾਵੇ, ਪਰ ਜੋੜ ਦੇ ਦੁਬਾਰਾ ਟੁੱਟਣ ਦੇ ਸ਼ੱਕ ਦੀ ਗੁੰਜਾਇਸ਼ ਹਮੇਸ਼ਾਂ ਰਹਿੰਦੀ ਹੈ। ਇਸ ਲਈ ਰੋਟੀ ਅਤੇ ਬੋਟੀ ਦੀ ਸੋਚ ਤੋਂ ਉੱਪਰ ਉੱਠ ਕੇ ਸੋਚਣ ਦੀ ਲੋੜ ਹੈ। ਜੇਕਰ ਅਸੀਂ ਕਿਸੇ ਸੰਸਥਾ, ਕਿਸੇ ਆਗੂ, ਕਿਸੇ ਲਹਿਰ ਜਾਂ ਕਿਸੇ ਸੰਘਰਸ਼ ਨੂੰ ਕਾਮਯਾਬ ਕਰਨਾ ਚਾਹੁੰਦੇ ਹਾਂ।



**ਰਸ਼ਿਪੰਦਰ ਕੌਰ ਗਿੱਲ**
ਲੇਖਕ, ਐਂਕਰ, ਪ੍ਰਧਾਨ
ਪੀਂਘਾਂ ਸੋਚ ਦੀਆਂ
ਸਾਹਿਤ ਮੰਚ, ਪਬਲਿਕੇਸ਼ਨ
ਵੈੱਬ ਚੈਨਲ, ਮੈਗਜ਼ੀਨ
+91-9888697078

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ੴ ਸਤਿਗੁਰ ਪ੍ਰਸਾਦਿ ।।

|| ਜੇਹਾ ਚਿਰੀ ਲਿਖਿਆ ਤੇਹਾ ਹੁਕਮ ਕਮਾਹਿ ਘੱਲੇ ਆਵਹਿ ਨਾਨਕਾ ਸਦੇ ਉਠੀ ਜਾਹਿ ||



## ਅੰਤਿਮ ਸੰਸਕਾਰ

# ਰਾਜਵੀਰ ਜਵੰਦਾ

ਆਪ ਜੀ ਨੂੰ ਬਹੁਤ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਅਤੇ ਤੁਹਾਡੇ ਸਭ ਦੇ ਹਰਮਨ ਪਿਆਰੇ ਰਾਜਵੀਰ ਜਵੰਦਾ ਜੀ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਮਿਤੀ 08/10/2025 ਨੂੰ ਸਾਨੂ ਸਦੀਵੀ ਵਿਛੋੜਾ ਦੇ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ। ਰੱਬ ਦੀ ਰਜ਼ਾ ਅੱਗੇ ਸਿਰ ਝੁਕਾਉਂਦੇ ਹੋਏ,

ਉਹਨਾਂ ਦਾ ਅੰਤਿਮ ਸੰਸਕਾਰ

**ਮਿਤੀ: 9 ਅਕਤੂਬਰ, 2025**

**ਸਮਾਂ: ਸਵੇਰੇ 11:00 ਵਜੇ**

ਸਥਾਨ: ਪਿੰਡ ਪੋਨਾ, ਤਹਿਸੀਲ ਜਗਰਾਉਂ, ਜ਼ਿਲ੍ਹਾ ਲੁਧਿਆਣਾ ਵਿਖੇ ਹੋਵੇਗਾ

ਇਸ ਦੁਖਭਰੇ ਸਮੇਂ ਵਿੱਚ ਆਪ ਸਭ ਜੀ ਉਹਨਾਂ ਦੇ ਅੰਤਿਮ ਦਰਸ਼ਨ ਕਰਕੇ ਉਹਨਾਂ ਦੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਵਿੱਚ ਹਿੱਸਾ ਪਾਵੇ, ਇਹੀ ਸਾਡੀ ਬੇਨਤੀ ਹੈ।

ਦੁਖੀ ਹਿਰਦੇ

**ਸਮੂਹ ਪਰਿਵਾਰ**

ਆਵਾਜ਼ਿ ਕੌਮ AWAZE QAUM International Newspaper & WEB TV

# ਸ਼ਹੀਦ ਭਾਈ ਨਿੱਝਰ ਦੇ ਮਾਮਲੇ ਦੀ ਸੁਣਵਾਈ ਦੌਰਾਨ ਦੋਸ਼ੀਆਂ ਨੂੰ ਪੇਸ਼ ਨਾ ਕਰਨ ਕਰਕੇ ਮਾਮਲੇ ਦੀ ਅਗਲੀ ਸੁਣਵਾਈ 20 ਨਵੰਬਰ ਨੂੰ

## ਕੈਨੇਡੀਅਨ ਸੁਪਰੀਮ ਕੋਰਟ ਦੇ ਬਾਹਰ ਭਾਰੀ ਰੋਸ ਮੁਜਾਹਿਰਾ, ਰਾਅ ਨੂੰ ਬੈਨ ਕਰਨ ਦੀ ਮੰਗ




ਨਵੀਂ ਦਿੱਲੀ 8 ਅਕਤੂਬਰ (ਮਨਪ੍ਰੀਤ ਸਿੰਘ ਖਾਲਸਾ):- ਕੈਨੇਡਾ ਵਿਚ ਹਿੰਦੁਸਤਾਨ ਸਰਕਾਰ ਵਲੋਂ ਦਖਲਅੰਦਾਜ਼ੀ ਕਰਦਿਆਂ ਸ਼ਹੀਦ ਕੀਤੇ ਭਾਈ ਹਰਦੀਪ ਸਿੰਘ ਨਿੱਝਰ ਦੇ ਮਾਮਲੇ ਦੀ ਸੁਣਵਾਈ ਕੈਨੇਡੀਅਨ ਸੁਪਰੀਮ ਕੋਰਟ ਵਿਚ ਕੀਤੀ ਗਈ। ਅਦਾਲਤ ਅੰਦਰ ਨਾਮਜਦ ਚਾਰੇ ਦੋਸ਼ੀਆਂ ਨੂੰ ਪੇਸ਼ ਨਾ ਕੀਤੇ ਜਾਣ ਕਰਕੇ ਮਾਮਲੇ ਵਿਚ ਕਿਸੇ ਕਿਸਮ ਦੀ ਕੌਈ ਕਾਰਵਾਈ ਨਹੀਂ ਹੋ ਸਕੀ ਤੇ ਅਦਾਲਤ ਵਲੋਂ ਅਗਲੀ ਸੁਣਵਾਈ ਲਈ 20 ਨਵੰਬਰ ਦੀ ਤਰੀਕ ਮੁਕਰਰ ਕੀਤੀ ਗਈ ਹੈ। ਮਾਮਲੇ ਬਾਰੇ ਜਾਣਕਾਰੀ ਦੇਂਦਿਆ ਭਾਈ ਨਰਿੰਦਰ ਸਿੰਘ ਖਾਲਸਾ ਮੈਂਬਰ ਗੁਰਦੁਆਰਾ ਸਾਹਿਬ ਨੇ ਦਸਿਆ ਕਿ 20 ਨਵੰਬਰ ਨੂੰ ਅਦਾਲਤ ਵਿਚ ਦੋਨਾਂ ਪੱਖਾ ਦੇ ਵਕੀਲ ਹਾਜਿਰ ਹੋ ਕੇ ਆਪਣੇ ਪੱਖ ਰੱਖਣਗੇ ਤੇ 15 ਦਸੰਬਰ ਨੂੰ ਚਾਰੇ ਦੋਸ਼ੀਆਂ ਨੂੰ ਅਦਾਲਤ ਅੰਦਰ ਪੇਸ਼ ਕੀਤਾ ਜਾਏਗਾ । ਇਸ ਦੌਰਾਨ ਖਾਲਿਸਤਾਨ ਪੱਖੀ ਸਮੂਹ ਸਿੱਖਸ ਫਾਰ ਜਸਟਿਸ ਨੇ ਸ਼ਹੀਦ ਨਿੱਝਰ ਕਤਲ ਕੇਸ ਦੀ ਸੁਣਵਾਈ ਦੌਰਾਨ ਸੁਪਰੀਮ ਕੋਰਟ ਦੇ ਬਾਹਰ ਭਾਰੀ ਰੋਸ ਮੁਜਾਹਿਰਾ ਕਰਦਿਆਂ ਭਾਰਤੀ ਝੰਡਾ ਅਤੇ ਭਾਰਤੀ ਹਾਈ ਕਮਿਸ਼ਨਰ ਦਿਨੇਸ਼ ਪਟਨਾਇਕ ਦਾ ਪੁਤਲਾ ਸਾੜ ਕੇ ਆਪਣਾ ਰੋਸ ਪ੍ਰਕਟ ਕੀਤਾ । ਇਸ ਮੌਕੇ ਟੀਮ ਸ਼ਹੀਦ ਨਿੱਝਰ ਦੇ ਪ੍ਰਤੀਨਿਧੀਆਂ, ਜਿਨ੍ਹਾਂ ਨੇ ਐਸਐਫਜੇ ਨਾਲ ਮਿਲ ਕੇ ਰੈਲੀ ਦਾ ਆਯੋਜਨ ਕੀਤਾ, ਨੇ ਕਿਹਾ ਕਿ ਇਹ ਪੁਤਲੇ ਜਲਾਉਣਾ ਭਾਰਤ ਦੇ ਅੰਤਰਰਾਸ਼ਟਰੀ ਦਮਨ ਦੀ ਨਿੰਦਾ ਕਰਨ ਅਤੇ ਕੈਨੇਡਾ ਤੋਂ ਭਾਰਤ ਦੀ ਜਾਸੂਸੀ ਏਜੰਸੀ - ਰਿਸਰਚ ਐਂਡ ਐਨਾਲਿਸਿਸ ਵਿੰਗ - ਨੂੰ ਅੱਤਵਾਦੀ ਸੰਸਥਾ ਵਜੋਂ ਨਾਮਜ਼ਦ ਕਰਨ ਦੀ ਮੰਗ ਕਰਨ ਲਈ ਕੀਤਾ ਗਿਆ ਸੀ। ਅਦਾਲਤ ਦੇ ਬਾਹਰ ਤੜਕਸਾਰ ਹੀ ਸਿੰਘਾਂ ਨੇ ਮੋਰਚਾ ਲਗਾ ਦਿੱਤਾ ਸੀ ਤੇ ਹਿੰਦ ਵਿਰੁੱਧ ਨਾਹਰੇਬਾਜੀ ਕੀਤੀ ਗਈ ਸੀ । ਇਸ ਮੌਕੇ ਭਾਈ ਗੁਰਮੀਤ ਸਿੰਘ ਤੂਰ ਸਕੱਤਰ ਗੁਰਦੁਆਰਾ ਸਾਹਿਬ ਨੇ ਕਿਹਾ ਕਿ ਹਿੰਦ ਸਰਕਾਰ ਹਾਲੇ ਵੀਂ ਆਪਣੀ ਹੋਛੀ ਹਰਕਤਾਂ ਤੋਂ ਬਾਜ਼ ਨਹੀਂ ਆ ਰਹੀ ਹੈ ਜਿਸ ਕਰਕੇ ਕੈਨੇਡੀਅਨ ਪੁਲਿਸ ਸਿੱਖਾਂ ਨੂੰ ਵਾਰ ਵਾਰ "ਜਾਨ ਦਾ ਖਤਰਾ" ਵਰਗੇ ਅਲਰਟ ਜਾਰੀ ਕਰ ਰਹੀ ਹੈ । ਉਨ੍ਹਾਂ ਕਿਹਾ ਕਿ 23 ਨਵੰਬਰ ਨੂੰ ਓਟਵਾ ਵਿਚ ਹੋਣ ਵਾਲੀ ਰੈਫਰੰਡਮ ਦੀਆਂ ਵੋਟਾਂ ਵਿਚ ਵੱਧ ਤੋਂ ਵੱਧ ਹਾਜ਼ਰੀ ਭਰ ਕੇ ਰੈਫਰੰਡਮ ਨੂੰ ਸਫਲ ਬਣਾਇਆ ਜਾਏ ਜਿਸ ਨਾਲ ਹਿੰਦ ਸਰਕਾਰ ਉਪਰ ਦਬਾਅ ਬਣਾ ਕੇ ਪੰਜਾਬ ਅੰਦਰ ਵੀਂ ਰੈਫਰੰਡਮ ਕਰਵਾਏ ਜਾਣ ਦਾ ਰਾਹ ਪੱਧਰਾ ਹੋ ਸਕੇ । ਇਸ ਮੌਕੇ ਅਦਾਲਤ ਦੇ ਬਾਹਰ ਭਾਈ ਗੁਰਮੀਤ ਸਿੰਘ ਤੂਰ, ਭਾਈ ਨਰਿੰਦਰ ਸਿੰਘ ਖਾਲਸਾ, ਭਾਈ ਜੈਗ ਸਿੰਘ, ਬਾਬਾ ਅਵਤਾਰ ਸਿੰਘ ਖੈਰਾ, ਭਾਈ ਅਜੈਪਾਲ ਸਿੰਘ, ਭਾਈ ਮਨਜਿੰਦਰ ਸਿੰਘ ਸਿੰਘ ਸਮੇਤ ਵਡੀ ਗਿਣਤੀ ਵਿਚ ਸੰਗਤਾਂ ਹਾਜਿਰ ਸਨ।

## ਖਾਲਸਾ ਕਾਲਜ ਮਹਿਤਾ ਵਿਖੇ

# ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਮਨਾਇਆ





ਚੌਕ ਮਹਿਤਾ, 9 ਅਕਤੂਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)-ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸ਼੍ਰੀਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਜੀ ਦੀ ਰਹਿਨੁਮਾਈ ਹੇਠ ਚੱਲ ਰਹੇ ਵਿਦਿਅਕ ਅਦਾਰੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਕਾਲਜ ਅਤੇ ਕਾਲਜੀਏਟ ਮਹਿਤਾ ਵਿਖੇ ਸ਼੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਨਾਲ ਮਨਾਇਆ ਗਿਆ। ਜਿਸ ਵਿੱਚ ਅਦਾਰੇ ਦੇ ਹੋਣਹਾਰ ਵਿਦਿਆਰਥੀ ਮਨਜੋਤ ਕੌਰ, ਅਬੀਜੋਤ ਕੌਰ, ਪਵਨਦੀਪ ਕੌਰ, ਮਹਿਕਪ੍ਰੀਤ ਕੌਰ, ਅਵਲੀਨ ਕੌਰ ਬੱਲ, ਦਮਨਪ੍ਰੀਤ ਕੌਰ ,ਸਾਹਿਲਪ੍ਰੀਤ ਕੌਰ ਨੇ ਕਵਿਤਾ, ਭਾਸ਼ਣ ਅਤੇ ਸ਼ਬਦ ਗਾਇਨ ਰਾਹੀਂ ਗੁਰੂ ਸਾਹਿਬ ਜੀ ਦੇ ਮਹਾਨ ਜੀਵਨ ਤੇ ਸਿੱਖ ਧਰਮ ਦੇ ਵਿਕਾਸ ਵਿੱਚ ਪਾਏ ਯੋਗਦਾਨ ਨੂੰ ਬਿਆਨ ਕੀਤਾ। ਕਾਲਜ ਦੇ ਪ੍ਰਿੰਸੀਪਲ ਸਰਦਾਰ ਗੁਰਦੀਪ ਸਿੰਘ ਜਲਾਲ ਉਸਮਾ ਨੇ ਸ਼੍ਰੀ ਗੁਰੂ ਰਾਮਦਾਸ ਜੀ ਦੇ ਸਹਿਜ ,ਸੇਵਾ, ਸਮਰਪਣ ਅਤੇ ਦ੍ਰਿੜਤਾ ਵਾਲੇ ਜੀਵਨ ਦੀ ਵਡਿਆਈ ਕਰਦਿਆਂ ਉਹਨਾਂ ਦੇ ਜੀਵਨ ਦੀਆਂ ਮੁੱਖ ਘਟਨਾਵਾਂ ਸਿੱਖ ਧਰਮ ਦਾ ਪ੍ਰਸਾਰ, ਅੰਮ੍ਰਿਤਸਰ ਸ਼ਹਿਰ ਦੀ ਸਥਾਪਨਾ, ਲਾਵਾਂ ਦੀ ਰਚਨਾ ਅਤੇ ਬਾਣੀ ਦੀ ਰਚਨਾ ਬਾਰੇ ਵਰਣਨ ਕੀਤਾ ਤੇ ਨਾਲ ਹੀ ਸਮੂਹ ਸੰਗਤਾਂ ਨੂੰ ਗੁਰੂ ਮਹਾਰਾਜ ਦੇ ਪਾਏ ਹੋਏ ਪੂਰਨਿਆਂ ਤੇ ਚੱਲਣ ਦੀ ਅਪੀਲ ਕੀਤੀ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ ਉਸਮਾ ,ਮੈਡਮ ਕੁਲਦੀਪ ਕੌਰ,ਸੁਖਦੇਵ ਸਿੰਘ ਤੇ ਸਮੂਹ ਸਟਾਫ ਨੇ ਵਿਦਿਆਰਥੀਆਂ ਨੂੰ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਦੀ ਮੁਬਾਰਕਬਾਦ ਦਿੱਤੀ।

# ਪੰਜਾਬ ਦੇ ਮੌਸਮ ਸਬੰਧੀ ਵੱਡੀ ਅਪਡੇਟ ! ਹੁਣ ਠੰਡ ਵਿਖਾਏਗੀ ਆਪਣਾ ਜ਼ੋਰ

ਜਲੰਧਰ, 8 ਅਕਤੂਬਰ (ਆਵਾਜ਼ਿ ਕੌਮ ਬਿਊਰੋ)-ਪੰਜਾਬ ਦੇ ਮੌਸਮ ਸਬੰਧੀ ਤਾਜ਼ਾ ਅਪਡੇਟ ਸਾਹਮਣੇ ਆਈ ਹੈ। ਦਰਅਸਲ ਪਿਛਲੇ ਕੁਝ ਦਿਨਾਂ ਤੋਂ ਹੋ ਰਹੀ ਬਾਰਿਸ਼ ਅਤੇ ਹਿਮਾਚਲ 'ਚ ਹੋਈ ਬਰਫ਼ਬਾਰੀ ਕਾਰਨ ਪੰਜਾਬ ਤੇ ਚੰਡੀਗੜ੍ਹ ਮੌਸਮ ਵਿਚ ਤਬਦੀਲੀ ਵੇਖਣ ਨੂੰ ਮਿਲੀ ਹੈ। ਲਗਾਤਾਰ ਮੀਂਹ ਅਤੇ ਠੰਡੀਆਂ ਹਵਾਵਾਂ ਠੰਡ ਦਾ ਅਹਿਸਾਸ ਹੋਣ ਲੱਗਾ ਹੈ। ਪਿਛਲੇ 24 ਘੰਟਿਆਂ 'ਚ ਤਾਪਮਾਨ ਵਿੱਚ 0.6 ਡਿਗਰੀ ਦੀ ਕਮੀ ਆਈ ਹੈ, ਜੋਕਿ ਸਾਧਾਰਣ ਤਾਪਮਾਨ ਨਾਲੋਂ 9.6 ਡਿਗਰੀ ਘੱਟ ਹੈ। ਸਭ ਤੋਂ ਵੱਧ ਤਾਪਮਾਨ 30.5 ਡਿਗਰੀ ਗੁਰਦਾਸਪੁਰ ਵਿੱਚ ਦਰਜ ਕੀਤਾ ਗਿਆ। ਮੌਸਮ ਵਿਭਾਗ ਵੱਲੋਂ ਕੀਤੀ ਗਈ ਵੱਡੀ ਭਵਿੱਖਬਾਣੀ ਮੁਤਾਬਕ ਆਉਣ ਵਾਲੇ ਦਿਨਾਂ ਵਿਚ ਮੌਸਮ ਸਾਫ਼ ਰਹਿਣ ਦੀ ਉਮੀਦ ਹੈ। 13 ਅਕਤੂਬਰ ਤੱਕ ਬਾਰਿਸ਼ ਦੀ ਕੋਈ ਸੰਭਾਵਨਾ ਨਹੀਂ ਦੱਸੀ ਜਾ ਰਹੀ ਹੈ। ਵਿਭਾਗ ਵੱਲੋਂ ਕੋਈ ਚਿਤਾਵਨੀ ਜਾਰੀ ਨਹੀਂ ਕੀਤੀ ਗਈ। ਮੌਸਮ ਵਿਭਾਗ ਮੁਤਾਬਕ ਪੰਜਾਬ ਅਤੇ ਚੰਡੀਗੜ੍ਹ ਦੇ ਜ਼ਿਆਦਾਤਰ ਸ਼ਹਿਰਾਂ ਵਿੱਚ ਤਾਪਮਾਨ ਘਟਿਆ ਹੈ। ਮੌਸਮ ਵਿਭਾਗ ਮੁਤਾਬਕ 8 ਅਕਤੂਬਰ ਤੋਂ ਉੱਤਰੀ-ਪੱਛਮੀ ਹਵਾ ਦੇ ਚਲਣ ਨਾਲ ਤਾਪਮਾਨ ਖ਼ਾਸ ਕਰਕੇ ਰਾਤ ਦੇ ਤਾਪਮਾਨ ਵਿੱਚ ਕਮੀ ਦਰਜ ਕੀਤੀ ਜਾਵੇਗੀ। ਹੁਣ ਸਵੇਰੇ ਅਤੇ ਸ਼ਾਮ ਸਮੇਂ ਹਲਕੀ ਠੰਡ ਮਹਿਸੂਸ ਹੋਵੇਗੀ। ਦੀਵਾਲੀ ਤੋਂ ਬਾਅਦ ਦਿਨ ਵਿੱਚ ਵੀ ਠੰਡ ਮਹਿਸੂਸ ਕੀਤੀ ਜਾਵੇਗੀ। ਮੌਸਮ ਵਿਭਾਗ ਕੇਂਦਰ ਚੰਡੀਗੜ੍ਹ ਦੇ ਡਾਇਰੈਕਟਰ ਸੁਰੇਂਦਰ ਪਾਲ ਸਿੰਘ ਮੁਤਾਬਕ ਪੰਜਾਬ ਦੇ ਮੌਸਮ ਵਿੱਚ ਸੁਧਾਰ ਸ਼ੁਰੂ ਹੋ ਜਾਵੇਗਾ।

# ਰਾਜਵੀਰ ਜਵੰਦਾ ਦੇ ਅਕਾਲ ਚਲਾਣੇ ਨਾਲ ਪਰਿਵਾਰ ਸਮੇਤ ਮਿਊਜ਼ਿਕ ਇੰਡਸਟਰੀ ਅਤੇ ਚਾਹੁਣ ਵਾਲਿਆਂ ਨੂੰ ਕਦੇ ਵੀ ਨਾਂ ਪੂਰਾ ਹੋਣ ਵਾਲਾ ਘਾਟਾ



ਮੁਹਾਲੀ/ਚੰਡੀਗੜ੍ਹ (ਵਰਿਆਮ ਹਠੂਰ)-ਆਪਣੇ ਗੀਤਾਂ ਰਾਹੀਂ ਪੰਜਾਬ ਸਮੇਤ ਦੇਸ਼ਾਂ ਵਿਦੇਸ਼ਾਂ ਵਿੱਚ ਆਪਣਾ ਨਾਮ ਚਮਕਾਉਣ ਵਾਲੇ ਮਸ਼ਹੂਰ ਪੰਜਾਬੀ ਗਾਇਕ ਰਾਜਵੀਰ ਜਵੰਦਾ ਆਖਿਰ ਜ਼ਿੰਦਗੀ ਦੀ ਜੰਗ ਹਾਰ ਗਏ, ਜ਼ਿਕਰਯੋਗ ਹੈ ਕਿ ਗਾਇਕ ਰਾਜਵੀਰ ਜਵੰਦਾ ਨੂੰ ਬੀਤੇ ਦਿਨੀਂ ਹੋਏ ਇੱਕ ਭਿਆਨਕ ਰੋਡ ਐਕਸੀਡੈਂਟ ਤੋਂ ਬਾਅਦ ਉਸ ਨੂੰ ਘਟਨਾ ਸਥਾਨ ਦੇ ਇੱਕ ਨਜ਼ਦੀਕੀ ਹਸਪਤਾਲ ਤੋਂ ਉਸ ਨੂੰ ਮੁਹਾਲੀ ਦੇ ਫੋਰਟਿਸ ਹਸਪਤਾਲ ਲਿਆਂਦਾ ਗਿਆ, ਤੇ ਉਹ ਲਗਾਤਾਰ ਫੋਰਟਿਸ ਹਸਪਤਾਲ ਵਿੱਚ ਵੈਂਟੀਲੇਟਰ ਤੇ ਸਨ। ਡਾਕਟਰੀ ਟੀਮ ਆਪਣਾ ਜ਼ੋਰ ਲਗਾ ਰਹੀ ਸੀ। ਤੇ ਪੰਜਾਬ ਸਮੇਤ ਵੱਖ ਵੱਖ ਦੇਸ਼ਾਂ ਵਿਦੇਸ਼ਾਂ ਵਿੱਚ ਰਾਜਵੀਰ ਜਵੰਦਾ ਦੀ ਤੰਦਰੁਸਤੀ ਅਤੇ ਚੜ੍ਹਦੀ ਕਲਾ ਲਈ ਅਰਦਾਸਾਂ ਕੀਤੀਆਂ ਜਾ ਰਹੀਆਂ ਸਨ। ਪਹਿਲੀ ਵਾਰ ਵੇਖਿਆ ਕਿ ਕਿਸੇ ਲਈ ਇੰਨੀਆਂ ਅਰਦਾਸਾਂ ਹੁੰਦੀਆਂ, ਪਰ ਸਭ ਦੀਆਂ ਕੀਤੀਆਂ ਅਰਦਾਸਾਂ ਵੀ ਕਬੂਲ ਨਹੀਂ ਹੋਈਆਂ ਤੇ ਆਖਿਰ ਜ਼ਿੰਦਗੀ ਮੌਤ ਦੀ ਜੰਗ ਲੜਦਿਆਂ ਰਾਜਵੀਰ ਜਵੰਦਾ ਅੱਜ ਜ਼ਿੰਦਗੀ ਦੀ ਜੰਗ ਹਾਰ ਗਿਆ, ਤੇ ਦੁੱਖ ਭਰੀ ਖ਼ਬਰ ਨਾਲ ਹਰ ਇੱਕ ਦੇ ਹਿਰਦੇ ਵਲੂੰਧਰੇ ਗਏ, ਗਾਇਕ ਰਾਜਵੀਰ ਜਵੰਦਾ ਦੀ ਬੇਵਕਤ ਮੌਤ ਨਾਲ ਜਿੱਥੇ ਪਰਿਵਾਰ ਨੂੰ ਕਦੇ ਵੀ ਨਾਂ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉੱਥੇ ਮਿਊਜ਼ਿਕ ਇੰਡਸਟਰੀ ਅਤੇ ਉਨ੍ਹਾਂ ਨੂੰ ਚਾਹੁਣ ਵਾਲਿਆਂ ਨੂੰ ਵੀ ਵੱਡਾ ਘਾਟਾ ਪਿਆ ਹੈ। ਰਾਜਵੀਰ ਜਵੰਦਾ ਦੀ ਬੇਵਕਤੀ ਮੌਤ ਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ, ਹਰਸਿਮਰਤ ਕੌਰ ਬਾਦਲ, ਗਾਇਕ ਗੁਰਦਾਸ ਮਾਨ, ਬੱਬੂ ਮਾਨ, ਦਲਜੀਤ ਦੋਸਾਂਝ, ਕਨਵਰ ਗਰੇਵਾਲ, ਮਨਕੀਰਤ ਔਲਖ, ਕਰਮਜੀਤ ਅਨਮੋਲ, ਮਨਮੋਹਨ ਵਾਰਿਸ, ਕਮਲ ਹੀਰ, ਸੰਗਤਾਰ, ਮੁਹੰਮਦ ਸਦੀਕ, ਜੈਜ਼ੀ ਬੈਂਸ, ਹਰਭਜਨ ਮਾਨ, ਨਛੱਤਰ ਗਿੱਲ, ਅਮਰ ਨੂਰੀ, ਗਾਇਕਾ ਗੁਰਲੇਜ਼ ਅਖਤਰ, ਕੁਲਵਿੰਦਰ ਕੈਲੀ, ਜੈਸਮੀਨ ਅਖਤਰ, ਪਿੰਕੀ ਧਾਲੀਵਾਲ, ਹਰਜੀਤ ਸਿੱਧੂ, ਚਮਕੌਰ ਭੱਟੀ, ਮਿਊਜ਼ਿਕ ਡਾਇਰੈਕਟਰ ਸਚਿਨ ਅਹੂਜਾ, ਲਾਲ ਕਮਲ, ਗੀਤਕਾਰ ਗਿੱਲ ਰੌਂਤਾ, ਗੀਤਕਾਰ ਅਤੇ ਸੀਨੀਅਰ ਪੱਤਰਕਾਰ ਵਰਿਆਮ ਹਠੂਰ, ਸਮੇਤ ਅਨੇਕਾਂ ਕਲਾਕਾਰਾਂ, ਗੀਤਕਾਰਾਂ, ਕੰਪਨੀ ਪ੍ਰੋਡਿਊਸਰਾਂ, ਧਾਰਮਿਕ , ਸਮਾਜਿਕ, ਅਤੇ ਰਾਜਨੀਤਕ ਸ਼ਖ਼ਸੀਅਤਾਂ ਨੇ ਰਾਜਵੀਰ ਜਵੰਦੇ ਦੀ ਬੇਵਕਤੀ ਮੌਤ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ,

# ਗਾਇਕ ਰਾਜਵੀਰ ਜਵੰਦਾ ਦੇ ਅਕਾਲ ਚਲਾਣੇ 'ਤੇ ਜੀਤਮਹਿੰਦਰ ਸਿੰਘ ਸਿੱਧੂ ਤੇ ਗੁਰਬਾਜ਼ ਸਿੱਧੂ ਨੇ ਪ੍ਰਗਟਾਇਆ ਦੁੱਖ



ਤਲਵੰਡੀ ਸਾਬੋ, 08 ਅਕਤੂਬਰ (ਗੁਰਜੰਟ ਸਿੰਘ ਨਥੇਹਾ)-ਨਾਮੀ ਪੰਜਾਬੀ ਗਾਇਕ ਰਾਜਵੀਰ ਜਵੰਦਾ ਨਾਲ ਪਿਛਲੇ ਦਿਨੀਂ ਵਾਪਰੇ ਸੜਕੀ ਹਾਦਸੇ ਕਾਰਨ ਗੰਭੀਰ ਜਖਮੀ ਹੋਏ ਜਵੰਦਾ ਦੀ ਸਿਹਤਯਾਬੀ ਲਈ ਸਮੁੱਚੇ ਪੰਜਾਬੀਆਂ ਵੱਲੋਂ ਕੀਤੀਆਂ ਜਾ ਰਹੀਆਂ ਕਾਮਨਾਵਾਂ ਦੇ ਵਿਚਕਾਰ ਹੀ ਅੱਜ ਉਨਾਂ ਦੇ ਅਕਾਲ ਚਲਾਣੇ ਦੀ ਮੰਦਭਾਗੀ ਖਬਰ ਨੇ ਜਿੱਥੇ ਪੰਜਾਬੀ ਸੰਗੀਤ ਜਗਤ ਨੂੰ ਦੁੱਖ ਦੇ ਸਾਗਰ 'ਚ ਡੁਬੋ ਦਿੱਤਾ ਉੱਥੇ ਪੰਜਾਬ ਦੇ ਸਿਆਸੀ ਆਗੂਆਂ ਵੱਲੋਂ ਵੀ ਉਨਾਂ ਦੇ ਅਕਾਲ ਚਲਾਣੇ 'ਤੇ ਅਫਸੋਸ ਜ਼ਾਹਰ ਕੀਤੇ ਜਾਣ ਦੀ ਲੜੀ ਤਹਿਤ ਕਾਂਗਰਸ ਵੱਲੋਂ ਲੋਕ ਸਭਾ ਚੋਣ ਲੜ ਚੁੱਕੇ ਸੀਨੀਅਰ ਆਗੂ ਜੀਤਮਹਿੰਦਰ ਸਿੰਘ ਸਿੱਧੂ ਸਾਬਕਾ ਵਿਧਾਇਕ ਅਤੇ ਉਨਾਂ ਦੇ ਸਪੁੱਤਰ ਤੇ ਨੌਜਵਾਨ ਕਾਂਗਰਸੀ ਆਗੂ ਗੁਰਬਾਜ਼ ਸਿੰਘ ਸਿੱਧੂ ਨੇ ਵੀ ਗਹਿਰਾ ਦੁੱਖ ਪ੍ਰਗਟਾਇਆ ਹੈ। ਇੱਥੋਂ ਜਾਰੀ ਸਾਂਝੇ ਪ੍ਰੈੱਸ ਬਿਆਨ ਰਾਹੀਂ ਜੀਤਮਹਿੰਦਰ ਸਿੰਘ ਸਿੱਧੂ ਅਤੇ ਗੁਰਬਾਜ਼ ਸਿੰਘ ਸਿੱਧੂ ਨੇ ਕਿਹਾ ਕਿ ਰਾਜਵੀਰ ਜਵੰਦਾ ਨੇ ਪੰਜਾਬੀ ਗਾਇਕੀ ਦੇ ਖੇਤਰ 'ਚ ਆਪਣਾ ਇੱਕ ਵਿਸ਼ੇਸ ਮੁਕਾਮ ਬਣਾ ਲਿਆ ਸੀ ਇਸੇ ਕਰਕੇ ਜਦੋਂ ਉਹ ਸੜਕੀ ਦੁਰਘਟਨਾ ਦਾ ਸ਼ਿਕਾਰ ਹੋ ਜਖਮੀ ਹੋਣ ਉਪਰੰਤ ਹਸਪਤਾਲ 'ਚ ਜ਼ੇਰੇ ਇਲਾਜ਼ ਸਨ ਤਾਂ ਸੰਗੀਤ ਨਾਲ ਵਾਹ ਵਾਸਤਾ ਰੱਖਦੇ ਹਰੇਕ ਪੰਜਾਬੀ ਨੇ ਉਨਾਂ ਦੇ ਜਲਦ ਠੀਕ ਹੋਣ ਦੀ ਅਰਦਾਸ ਕੀਤੀ ਪਰ ਅੱਜ ਉਨਾਂ ਦੇ ਅਕਾਲ ਚਲਾਣੇ ਦੀ ਆਈ ਖਬਰ ਨੇ ਸਮੁੱਚੇ ਪੰਜਾਬੀਆਂ ਨੂੰ ਝੰਜੋੜ ਕੇ ਰੱਖ ਦਿੱਤਾ। ਜੀਤਮਹਿੰਦਰ ਸਿੱਧੂ ਤੇ ਗੁਰਬਾਜ਼ ਸਿੱਧੂ ਨੇ ਕਿਹਾ ਕਿ ਭਾਂਵੇ ਸਰੀਰਕ ਤੌਰ 'ਤੇ ਰਾਜਵੀਰ ਜਵੰਦਾ ਸਾਡੇ ਵਿਚਕਾਰ ਨਹੀ ਰਿਹਾ ਪਰ ਪੰਜਾਬੀ ਸੰਗੀਤ ਜਗਤ 'ਚ ਉਨਾਂ ਵੱਲੋਂ ਪਾਏ ਯੋਗਦਾਨ ਨੂੰ ਹਮੇਸ਼ਾਂ ਯਾਦ ਕੀਤਾ ਜਾਂਦਾ ਰਹੇਗਾ।

# ਕੀਰਤਨ ਕਰਨ ਲਈ ਬੱਚਿਆਂ ਨੂੰ ਕੀਰਤਨ ਸਾਜ ਭੇਟ ਕੀਤੇ



ਧੂਰੀ ( ਰਣਜੀਤ ਸਿੰਘ ਪੇਧਨੀ ) ਧੰਨ ਧੰਨ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਮੁੱਖ ਰੱਖਦਿਆਂ ਗੁਰੂਦੁਆਰਾ ਸਾਹਿਬ ਪੇਧਨੀ ਵਿਖੇ ਗੁਰਪੁਰਬ ਮਨਾਇਆ ਗਿਆ। ਜਿਸ ਦੇ ਵਿੱਚ ਬੀਬੀ ਸਰਨਜੀਤ ਕੌਰ ਕਿਲਾ ਹਕੀਮਾਂ ਮੈਂਬਰ ਸ਼੍ਰੋਮਣੀ ਕਮੇਟੀ ਹਲਕਾ ਧੂਰੀ ਵੱਲੋ ਸਰਪੰਚ ਅਮਰੀਕ ਸਿੰਘ ਕਿਲਾ ਹਕੀਮਾਂ ਰਾਹੀ ਪੇਧਨੀ ਕਲਾਂ ਵਿਖੇ ਬੱਚਿਆਂ ਨੂੰ ਕੀਰਤਨ ਸਿਖਲਾਈ ਲਈ ਗੁਰਦੁਆਰਾ ਦੇਹਰਾ ਸਾਹਿਬ ਦੇ ਹੈਂਡ ਗ੍ਰੰਥੀ ਬਾਬਾ ਪਰਮਜੀਤ ਸਿੰਘ ਅਤੇ ਲੋਕਲ ਕਮੇਟੀ ਨੂੰ  ਕੀਰਤਨੀ ਸਾਜ ਭੇਟ ਕੀਤੇ ਗਏ। ਇਸ ਮੌਕੇ ਗੁਰੂਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋ ਦਾਸ ਦਾ ਸਨਮਾਨ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243





# ਭਲਾਈ ਕੇਂਦਰ (ਜੰਡਿਆਲਾ ਗੁਰੂ) ਵਿਖੇ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਭਾਵਨਾ ਨਾਲ ਮਨਾਇਆ

ਜੰਡਿਆਲਾ ਗੁਰੂ 8 ਅਕਤੂਬਰ ( ਕੁਲਵੰਤ ਸਿੰਘ ਵਿਰਦੀ ) ਜਗਤ ਮਾਤਾ ਗੁਜਰ ਕੌਰ ਜੀ ਭਲਾਈ ਕੇਂਦਰ ਟਰੱਸਟ ਜੰਡਿਆਲਾ ਗੁਰੂ(ਅੰਮ੍ਰਿਤਸਰ ) ਜੋ ਕਿ ਮਹਾਂਪੁਰਸ਼ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਅਤੇ ਭਾਈ ਨਰਿੰਦਰ ਸਿੰਘ ਜੀ ਦੀ ਰਹਿਨੁਮਾਈ ਹੇਠ ਚਲ ਰਿਹਾ ਹੈ ਦੇ ਅਸਥਾਨ ਵਿਖੇ ਅੱਜ ਧੰਨ ਧੰਨ ਸ਼੍ਰੀ ਗੁਰੂ ਰਾਮਦਾਸ ਜੀ ਸਾਹਿਬ ਦਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਅਤੇ ਉਤਸ਼ਾਹ

ਆਵਾਜ਼ਿ ਕੌਮ
AWAZE QAUM
International Newspaper & WEB TV

## ਸ੍ਰੀ ਗੁਰੂ ਰਾਮਦਾਸ ਜੀ ਨੇ ਨਿਮਰਤਾ, ਸੇਵਾ ਤੇ ਭਗਤੀ ਦਾ ਸੰਦੇਸ਼ ਦਿੱਤਾ ਸਾਨੂੰ ਸਾਰਿਆਂ ਨੂੰ ਆਪਣੇ ਜੀਵਨ ਵਿੱਚ ਅਪਣਾਉਣਾ ਚਾਹੀਦਾ ਭਾਈ ਨਰਿੰਦਰ ਸਿੰਘ

ਨਾਲ ਭਲਾਈ ਕੇਂਦਰ ਵਿਖੇ ਮਨਾਇਆ ਗਿਆ। ਇਸ ਮੌਕੇ ਭਲਾਈ ਕੇਂਦਰ ਵਿੱਚ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਨਾਲ ਸੰਬੰਧਿਤ ਚੋਪਿਹਰਾ ਸਾਹਿਬ ਕੀਤਾ ਗਿਆ ਜਿਸ ਵਿੱਚ ਜਪੁਜੀ ਸਾਹਿਬ, ਚੌਪਈ ਸਾਹਿਬ ਅਤੇ ਸੁਖਮਨੀ ਸਾਹਿਬ ਦੇ ਪਾਠ ਕੀਤੇ ਗਏ ।ਇਸ ਤੋਂ ਬਾਅਦ ਭਾਈ ਨਰਿੰਦਰ ਸਿੰਘ ਜੀ ਵਲੋ ਰਸਭਿੰਨਾ ਕੀਰਤਨ ਕੀਤਾ ਗਿਆ। ਭਾਈ ਨਰਿੰਦਰ ਸਿੰਘ ਜੀ ਨੇ ਵਿਦਿਆਰਥੀਆਂ ਨੂੰ ਗੁਰੂ ਜੀ ਦੇ ਜੀਵਨ ਅਤੇ ਸਿੱਖਿਆਵਾਂ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਗੁਰੂ ਰਾਮਦਾਸ ਜੀ ਨੇ ਨਿਮਰਤਾ, ਸੇਵਾ ਅਤੇ ਭਗਤੀ ਦਾ ਸੰਦੇਸ਼ ਆਪਣੀ ਜਿੰਦਗੀ ਵਿਚ ਵੱਡੇ ਗੁਣ ਧਾਰ ਕੇ ਆਪਣੀ ਜਿੰਦਗੀ ਤੋ ਦਿੱਤਾ ਹੈ , ਜਿਸ ਨੂੰ ਸਾਨੂੰ ਸਾਰਿਆਂ ਨੂੰ ਆਪਣੇ ਜੀਵਨ ਵਿੱਚ ਅਪਣਾਉਣਾ ਚਾਹੀਦਾ ਹੈ। ਇਸ ਮੌਕੇ 'ਤੇ ਅਤੁੱਟ ਲੰਗਰ ਵੀ ਵਰਤਾਇਆ ਗਿਆ, ਜਿਸ ਵਿੱਚ ਵਿਦਿਆਰਥੀਆਂ ਅਤੇ ਸਟਾਫ਼ ਨੇ ਰਲ ਕੇ ਆਈਆਂ ਸੰਗਤਾਂ ਦੀ ਸੇਵਾ ਕੀਤੀ। ਇਸ ਉਪਰੰਤ ਆਤਿਸ਼ਬਾਜ਼ੀ ਦੇ ਮਨਮੋਹਕ ਨਜ਼ਾਰੇ ਨੇ ਸੰਗਤਾਂ ਦਾ ਮਨ ਮੋਹ ਲਿਆ ।ਸਮੁੱਚੇ ਤੌਰ 'ਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ, ਭਾਈ ਨਰਿੰਦਰ ਸਿੰਘ ਜੀ ਅਤੇ ਪੂਰੇ ਸਟਾਫ਼ ਵਲੋ ਦੇਸ਼ ਵਿਦੇਸ਼ ਦੀਆਂ ਸਾਰੀਆਂ ਸੰਗਤਾਂ ਨੂੰ ਕਰੋੜਾਂ ਕਰੋੜਾਂ ਵਾਰੀ ਧੰਨ ਧੰਨ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਦੀਆਂ ਵਧਾਈਆ ਹੋਣ। ਜਿਕਰਯੋਗ ਜਗਤ ਮਾਤਾ ਗੁਜਰ ਕੌਰ ਜੀ ਭਲਾਈ ਕੇਂਦਰ ਟਰੱਸਟ ਜੰਡਿਆਲਾ ਗੁਰੂ ਵਿਖੇ 500 ਤੋਂ ਵੱਧ ਵਿਧਵਾ ਬੀਬੀਆ ਨੂੰ ਹਰ ਮਹੀਨੇ ਰਾਸ਼ਨ ਦਿੱਤਾ ਜਾਂਦਾ ਹੈ ।ਕੰਪਿਊਟਰ, ਸਟਿਚਿੰਗ ਅਤੇ ਇੰਗਲਿਸ਼ ਸਪਿਕਿੰਗ ਦੇ ਨਿਸ਼ਕਾਮ ਕੋਰਸ ਚਲ ਰਹੇ ਹਨ ।ਇਸ ਤੋਂ ਇਲਾਵਾ ਕੀਰਤਨ ਦੀ ਸਿਖਲਾਈ ਫ੍ਰੀ ਕਰਾਈ ਜਾਂਦੀ ਹੈ ਇਸ ਦੇ ਨਾਲ ਬੀਬੀ ਕੌਲਾਂ ਜੀ ਡਿਗਰੀ ਕਾਲਜ ਚੱਲ ਰਿਹਾ ਹੈ ਜਿਸ ਵਿਚ ਬੀ. ਏ/ ਬੀ. ਸੀ.ਏ/ਬੀ.ਕੌਮ ਦੀ ਪੜ੍ਹਾਈ ਆਪ ਜੀ ਆਪਣੇ ਬੱਚਿਆ ਨੂੰ ਕਰਾ ਸਕਦੇ ਹੋ।

## ਮਾਨ ਸਰਕਾਰ ਨੇ ਜੋ ਵਾਅਦੇ ਪੰਜਾਬ ਦੇ ਲੋਕਾਂ ਨਾਲ ਕੀਤੇ ਉਨ੍ਹਾਂ ਨੂੰ ਤਿੰਨ ਸਾਲਾਂ ਵਿੱਚ ਹੀ ਪੂਰਾ ਕੀਤਾ-ਸੁਖਮਨ ਸਿੰਘ ਗੋਲਡੀ ਮੀਮਸਾ



ਧੂਰੀ ( ਰਣਜੀਤ ਸਿੰਘ ਪੇਧਨੀ ) ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਦੇ ਸਰਪੱਖੀ ਵਿਕਾਸ ਲਈ ਵਚਨਵੱਧ ਹੈ ।ਲੋਕਾਂ ਦੀ ਜਾਨ ਮਾਲ ਦੀ ਰਾਖੀ ਕਰਨਾ ਸਰਕਾਰ ਦਾ ਪਹਿਲਾ ਫਰਜ਼ ਹੈ। ਪੰਜਾਬ ਸਰਕਾਰ ਨੇ ਹੜ੍ਹ ਪੀੜਿਤ ਲੋਕਾਂ ਦੀ ਹਰ ਸੰਭਵ ਮੱਦਦ ਕੀਤੀ ਹੈ। ਹੜ ਪੀੜਤ ਲੋਕਾਂ ਨੂੰ ਫਸਲਾਂ, ਪਸ਼ੂਆਂ ਅਤੇ ਢਹਿ ਚੁੱਕੇ ਘਰਾਂ ਦੇ ਮੁੜ ਵਸੇਬੇ ਲਈ ਬਣਦਾ ਯੋਗ ਮੁਆਵਜਾ ਦਿੱਤਾ ਜਾ ਰਿਹਾ ਹੈ।

ਸਾਡੇ ਵੱਲੋਂ ਆਪਣੇ ਤੌਰ ਤੇ ਘਰੇਲੂ ਜਰੂਰੀ ਵਸਤਾਂ, ਰਾਹਤ ਸਮੱਗਰੀ ਅਤੇ ਫੀਡ ਦੇ ਟਰੱਕ ਹੜ੍ਹ ਪੀੜਤ ਲੋਕਾਂ ਤੱਕ ਭੇਜੇ ਗਏ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਪ ਆਗੂ

ਸੁਖਮਨ ਸਿੰਘ ਗੋਲਡੀ ਮੀਮਸਾ ਪ੍ਰਮੁੱਖ ਉਮੀਦਵਾਰ ਬਲਾਕ ਸੰਮਤੀ ਨੇ ਕੀਤਾ ।ਉਹਨਾਂ ਕਿਹਾ ਕਿ ਸਰਕਾਰ ਵੱਲੋਂ ਬਿਨਾਂ ਕਿਸੇ ਸਿਫਾਰਿਸ਼ ਅਤੇ ਭੇਦਭਾਵ ਦੇ ਮੈਰਿਟ ਦੇ ਆਧਾਰ ਤੇ ਤਕਰੀਬਨ 50 ਹਜਾਰ ਤੋਂ ਵੱਧ ਨੌਕਰੀਆਂ ਪੰਜਾਬ ਦੇ ਨੌਜਵਾਨਾਂ ਨੂੰ ਦਿੱਤੀਆਂ ਜਾ ਚੁੱਕੀਆਂ ਹਨ। ਗਰੀਬ ਲੋਕਾਂ ਦੀਆਂ ਭਲਾਈ ਸਕੀਮਾਂ ਵਾਸਤੇ ਕਰੋੜਾਂ ਰੁਪਏ ਦੇ ਫੰਡ ਜਾਰੀ ਕੀਤੇ ਜਾ ਚੁੱਕੇ ਹਨ ।ਕਿਸਾਨਾਂ ਦੇ ਖੇਤਾਂ ਵਿੱਚ ਨਹਿਰੀ ਪਾਣੀ ਪਹੁੰਚਾਇਆ ਜਾ ਰਿਹਾ ਹੈ।

## ਐਸ ਹਰਬੰਸ ਸਿੰਘ ਇੰਟਰਨੈਸ਼ਨਲ ਪਬਲਿਕ ਸਕੂਲ ਰਾਣੀ ਵਲਾਹ ਦੀ ਮਨਬੀਰ ਕੌਰ ਨੂੰ ਮਿਲਿਆ "ਸਰਵੋਤਮ ਅਧਿਆਪਕ ਅਵਾਰਡ"

**ਚੋਹਲਾ ਸਾਹਿਬ 8 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਸ਼ਾਹ ਹਰਬੰਸ ਇੰਟਰਨੈਸ਼ਨਲ ਪਬਲਿਕ ਸਕੂਲ, ਰਾਣੀਵਲਾਹ ਦੀ ਮਿਹਨਤੀ ਅਧਿਆਪਕਾ ਮਨਬੀਰ ਕੌਰ ਨੂੰ ਸਿੱਖਿਆ ਦੇ ਖੇਤਰ ਵਿੱਚ ਚੰਗੀ ਕਾਰਗੁਜ਼ਾਰੀ ਲਈ "ਸਰਵੋਤਮ ਅਧਿਆਪਕ ਅਵਾਰਡ" ਨਾਲ ਸਨਮਾਨਿਤ ਕੀਤਾ ਗਿਆ। ਇਹ ਅਵਾਰਡ ਸਹੋਦਿਆ ਵੱਲੋਂ ਕੈਂਬਰੇਜ ਇੰਟਰਨੈਸ਼ਨਲ ਪਬਲਿਕ ਸਕੂਲ ਪੱਟੀ ਵਿਖੇ ਆਯੋਜਿਤ ਵਿਸ਼ੇਸ਼ ਸਮਾਰੋਹ ਦੌਰਾਨ ਮੁੱਖ ਮਹਿਮਾਨ ਡਾ. ਕਰਮਜੀਤ ਸਿੰਘ ਚਾਹਲ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਤੇ ਸਹੋਦਿਆ ਪ੍ਰਧਾਨ ਗੁਰਸ਼ਰਨ ਕੌਰ ਵੱਲੋਂ ਪ੍ਰਦਾਨ ਕੀਤਾ ਗਿਆ। ਸਮਾਰੋਹ ਵਿੱਚ ਡਾ ਕਰਮਜੀਤ ਸਿੰਘ ਚਾਹਲ ਅਤੇ ਗੁਰਸ਼ਰਨ ਕੌਰ ਨੇ ਕਿਹਾ ਕਿ "ਇਹ ਅਵਾਰਡ ਸਿਰਫ਼ ਉਨ੍ਹਾਂ ਦੀ ਮਿਹਨਤ ਦੀ ਪਛਾਣ ਨਹੀਂ, ਸਗੋਂ ਸਿੱਖਿਆ ਦੇ ਪ੍ਰਤੀ ਉਨ੍ਹਾਂ ਦੀ ਨਿਸ਼ਠਾ ਅਤੇ ਸਮਰਪਣ ਦਾ ਸਨਮਾਨ ਹੈ ।ਮਨਬੀਰ ਕੌਰ ਨੇ ਧੰਨਵਾਦ ਕਰਦਿਆਂ ਕਿਹਾ ਕਿ "ਸਰਵੋਤਮ ਅਧਿਆਪਕ ਅਵਾਰਡ" ਪ੍ਰਾਪਤ ਕਰਨਾ ਮੇਰੇ ਲਈ ਇੱਕ ਗੌਰਵ ਅਤੇ ਭਾਵਨਾਤਮਕ ਪਲ ਹੈ। ਇਹ ਸਨਮਾਨ ਸਿਰਫ਼ ਮੇਰੇ ਲਈ ਨਹੀਂ, ਸਗੋਂ ਹਰ ਉਸ ਵਿਦਿਆਰਥੀ ਲਈ ਹੈ ਜਿਸ ਨੇ ਮੇਰੇ ਨਾਲ ਸਿੱਖਣ ਵਿੱਚ ਭੂਮਿਕਾ ਨਿਭਾਈ ਹੈ, ਹਰ ਉਸ ਸਹਿਯੋਗੀ ਲਈ ਜਿਸ ਨੇ ਮੇਰਾ ਹੌਸਲਾ ਵਧਾਇਆ, ਮੈਂ ਸਹੋਦਿਆ ਅਤੇ ਸਕੂਲ ਮੈਨੇਜਮੈਂਟ ਦਾ ਦਿਲੋਂ ਧੰਨਵਾਦ ਕਰਦੀ ਹਾਂ, ਜਿਨ੍ਹਾਂ ਨੇ ਮੇਰੀ ਮਿਹਨਤ ਅਤੇ ਨਿਸ਼ਠਾ ਨੂੰ ਪਛਾਣ ਦਿੱਤੀ। ਇਹ ਅਵਾਰਡ ਮੈਨੂੰ ਹੋਰ ਉਤਸ਼ਾਹ ਨਾਲ ਅੱਗੇ ਵਧਣ ਦੀ ਪ੍ਰੇਰਣਾ ਦੇਵੇਗਾ ।ਇਸ ਮਾਣ ਭਰੇ ਮੌਕੇ ਲਈ ਮੈਂ ਸਭ ਦਾ ਤਹਿ ਦਿਲੋਂ ਧੰਨਵਾਦ ਕਰਦੀ ਹਾਂ। ਇਹ ਮੇਰੇ ਜੀਵਨ ਲਈ ਯਾਦਗਾਰ ਪਲ ਰਹੇਗਾ ।ਸਕੂਲ ਮੈਨੇਜਿੰਗ ਡਾਇਰੈਕਟਰ ਸ ਗੁਲਵਿੰਦਰ ਸਿੰਘ ਸੰਧੂ ਮੈਡਮ ਨਵਦੀਪ ਕੌਰ ਸੰਧੂ ਨੇ ਇਸ ਖੁਸ਼ੀ ਦੇ ਮੌਕੇ ਵਧਾਈ ਦਿੰਦੇ ਕਿਹਾ ਕਿ ਚੰਗੀ ਕਾਰਗੁਜ਼ਾਰੀ ਲਈ ਅਧਿਆਪਕਾਂ ਨੂੰ ਸਨਮਾਨਿਤ ਕਰਨ ਨਾਲ ਹਰੇਕ ਅਧਿਆਪਕ ਨੂੰ ਹੋਰ ਉਤਸ਼ਾਹ ਨਾਲ ਜ਼ਿੰਮੇਵਾਰੀ ਨਿਭਾਉਣ ਦੀ ਪ੍ਰੇਰਨਾ ਮਿਲਦੀ ਹੈ।

ਆਵਾਜ਼ਿ ਕੌਮ
AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243